# SAMPLE QUESTION PAPER—2024-25 (Solved)

**(Issued by Central Board of Secondary Education, New Delhi)**

## ਪੰਜਾਬੀ—004

## ਜਮਾਤ—ਦਸਵੀਂ

## (ਸੈਸ਼ਨ 2024-25)

**ਸਮਾਂ : 03 ਘੰਟੇ]** **[ਕੁੱਲ ਅੰਕ : 80**

### *ਆਮ ਨਿਰਦੇਸ਼*

**ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

* ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
* ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।
* ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ : ਭਾਗ-I ਪੜ੍ਹਨ-ਕੌਸ਼ਲ, ਭਾਗ-II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ।
* ਭਾਗ-I : ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
* ਭਾਗ-II : ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
* ਭਾਗ-III : ਪ੍ਰਭਾਵਸ਼ਾਲੀ ਲਿਖਣ-ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
* ਭਾਗ-IV : ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

### ਭਾਗ—I : ਪੜ੍ਹਨ ਕੌਸ਼ਲ (Part-I : Reading Skill) 10

**ਪ੍ਰਸ਼ਨ 1. ਨੋਟ : ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ : 6 × 1 = 6**

**1.** ਕੀਟ-ਨਾਸ਼ੀ ਜ਼ਹਿਰੀਲਾ ਪਾਣੀ-ਪੀਣ ਤੇ ਖੇਤਾਂ 'ਚੋਂ ਜ਼ਹਿਰੀਲੇ ਪਦਾਰਥ ਖਾਣ ਕਰਕੇ ਅਤੇ ਕਈ ਹੋਰ ਕਾਰਨਾਂ ਕਰਕੇ ਚਿੜੀਆਂ ਦੀ ਗਿਣਤੀ ਵਿੱਚ ਬੇਹੱਦ ਕਮੀ ਆਈ ਹੈ। ਕੀਟ-ਨਾਸ਼ਕ ਜ਼ਹਿਰਾਂ ਨਾਲ ਭਰੀਆਂ ਸੁੰਡੀਆਂ ਖਾ ਕੇ ਚਿੜੀਆਂ ਮਰ ਰਹੀਆਂ ਹਨ। ਰਹਿਣ-ਸਹਿਣ ਤੇ ਬਦਲਾਅ ਕਾਰਨ ਚਿੜੀਆਂ ਦੀ ਨਵੀਂ ਪੀੜ੍ਹੀ ਸਹੀ ਢੰਗ ਨਾਲ ਪ੍ਰਜਣਨ ਨਹੀਂ ਕਰ ਸਕੀ। ਇੱਕ ਚਿੜੀ ਆਪਣੇ ਆਲ੍ਹਣੇ ਵਿੱਚ 2 ਤੋਂ 4 ਬੱਚਿਆਂ ਨੂੰ ਆਂਡਿਆਂ ਰਾਹੀਂ ਜਨਮ ਦਿੰਦੀ ਸੀ। ਅੱਜ ਦੇ ਬੱਚਿਆਂ ਲਈ ਚਿੜੀ ਇੱਕ ਬੁਝਾਰਤ ਬਣ ਗਈ ਹੈ। ਇਹੋ ਹਾਲ ਬਿਜੜੇ ਦਾ ਹੋ ਰਿਹਾ ਹੈ। ਤਿਲ, ਬਾਜਰਾ, ਚਰ੍ਹੀ, ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ ਤੇ ਸਰਕੰਡੇ ਖ਼ਤਮ ਹੋਣ ਕਾਰਨ ਬਿਜੜਾ ਵੀ ਅਲੋਪ ਹੋ ਰਿਹਾ ਹੈ। ਬਿਜੜੇ ਦੀ ਜਨਸੰਖਿਆਂ ਵਿੱਚ 75% ਕਮੀ ਆਈ ਹੈ, ਹੁਣ ਸੜਕਾਂ ਅਤੇ ਨਾਲਿਆਂ ਦੇ ਕੰਢਿਆਂ ਤੋਂ ਬਿਜੜੇ ਦੇ ਸੁੰਦਰ ਘਰ ਅਲੋਪ ਹੋ ਰਹੇ ਹਨ। ਦਰਖ਼ਤਾਂ ਦੀ ਘਾਟ ਕਾਰਨ ਬਗਲਿਆਂ ਦੀ ਤਾਦਾਦ ਵੀ ਲਗਾਤਾਰ ਘਟ ਰਹੀ ਹੈ। ਵੱਡੇ-ਵੱਡੇ ਦਰਖ਼ਤ ਖ਼ਤਮ ਹੁੰਦਿਆਂ ਹੀ ਉੱਲੂ ਖ਼ਤਮ ਹੋ ਰਹੇ ਹਨ ਅਤੇ ਚਮਗਿੱਦੜ, ਚਾਮਚੜਿੱਕ ਤੇ ਪੰਜਾਬ ਦਾ ਸੁੰਦਰ ਪੰਛੀ ਕਠਫੋੜਾ ਵੀ ਖ਼ਤਮ ਹੋ ਰਹੇ ਹਨ ਕਿਉਂਕਿ ਇਹ ਪੁਰਾਣੇ ਦਰਖ਼ਤਾਂ ਦੀਆਂ ਖੋੜਾਂ ਵਿੱਚ ਆਪਣੇ ਘਰ ਬਣਾ ਕੇ ਆਂਡੇ ਦਿੰਦੇ ਸਨ। ਬਦਲਦੇ ਫ਼ਸਲੀ ਚੱਕਰ ਤੇ ਕੀਟ ਨਾਸ਼ਕਾਂ ਕਾਰਨ ਕਈ ਪ੍ਰਕਾਰ ਦੇ ਕੀੜੇ-ਮਕੌੜੇ ਵੀ ਧਰਤੀ ਤੋਂ ਲੁਪਤ ਹੋ ਗਏ ਹਨ। ਖੇਤਾਂ ਨੂੰ ਅੱਗ ਲਾਉਣ ਦੀ ਪ੍ਰਥਾ ਨੇ ਵੀ ਉਹਨਾਂ ਦਾ ਅੰਤ ਕਰ ਦਿੱਤਾ ਹੈ। ਫ਼ਸਲ ਕੱਟਣ ਤੋਂ ਬਾਅਦ ਪਰਾਲ਼ੀ ਨੂੰ ਅੱਗ ਲਾ ਕੇ ਖੇਤ ਸਾਫ਼ ਕਰਨ ਦਾ ਰੁਝਾਨ ਸੰਨ 1999-2000 ਤੋਂ ਸ਼ੁਰੂ ਹੋਇਆ।

**(*i*) ਕੀਟ-ਨਾਸ਼ਿਕ ਜ਼ਹਿਰਾਂ ਨਾਲ ਭਰੀਆਂ ਕਿਹੜੀਆਂ ਚੀਜ਼ਾਂ ਖਾ ਕੇ ਚਿੜੀਆਂ ਮਰ ਰਹੀਆਂ ਹਨ ?**

(A) ਚਰ੍ਹੀ (B) ਰੋਟੀਆਂ

(C) ਸਬਜ਼ੀਆਂ (D) ਸੁੰਡੀਆਂ।

**ਉੱਤਰ**—(D) ਸੁੰਡੀਆਂ ।

**(*ii*) ਇੱਕ ਚਿੜੀ ਆਪਣੇ ਆਲ੍ਹਣੇ ਵਿੱਚ ਆਂਡਿਆਂ ਰਾਹੀਂ ਕਿੰਨੇ ਬੱਚਿਆਂ ਨੂੰ ਜਨਮ ਦਿੰਦੀ ਹੈ ?**

(A) 2 ਤੋਂ 4 (B) 3 ਤੋਂ 5

(C) 4 ਤੋਂ 6 (D) 5 ਤੋਂ 7.

**ਉੱਤਰ**—(A) 2 ਤੋਂ 4.

**(*iii*) ਅੱਜ ਦੇ ਬੱਚਿਆਂ ਲਈ ਚਿੜੀ ਕੀ ਬਣ ਗਈ ਹੈ ?**

(A) ਖੇਡ (B) ਹਊਆ

(C) ਬੁਝਾਰਤ (D) ਡਰ।

**ਉੱਤਰ**—(C) ਬੁਝਾਰਤ ।

**(*iv*) ਬਿਜੜੇ ਦੀ ਜਨ-ਸੰਖਿਆਂ ਵਿੱਚ ਕਿੰਨੇ ਪ੍ਰਤੀਸ਼ਤ (%) ਦੀ ਕਮੀ ਆਈ ਹੈ ?**

(A) 56 (B) 57

(C) 65 (D) 75.

**ਉੱਤਰ**—(D) 75.

(*v*) ਤਿਲ, ਬਾਜਰਾ, ਚਰ੍ਹੀ, ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ ਤੇ ਸਰਕੰਡੇ ਖ਼ਤਮ ਹੋਣ ਕਾਰਨ ਕਿਹੜਾ ਪੰਛੀ ਅਲੋਪ ਹੋ ਗਿਆ ਹੈ ?

(A) ਚਿੜੀ (B) ਬਿਜੜਾ

(C) ਕਾਂ (D) ਜਲ-ਕੁਕੜੀ।

ਉੱਤਰ—(B) ਬਿਜੜਾ ।

(*vi*) ਫ਼ਸਲ ਕੱਟਣ ਤੋਂ ਬਾਅਦ ਪਰਾਲ਼ੀ ਨੂੰ ਸਾੜ ਕੇ ਖੇਤ ਸਾਫ਼ ਕਰਨ ਦਾ ਰੁਝਾਨ ਕਦੋਂ ਸ਼ੁਰੂ ਹੋਇਆ ?

(A) 1998-2000 (B) 1898-2000

(C) 1899-2000 (D) 1999-2000.

ਉੱਤਰ—(D) 1999-2000.

**ਪ੍ਰਸ਼ਨ 2.** ਪਹਿਲਗਾਮ ਦੀ ਸੁੰਦਰ ਵਾਦੀ, ਚੀਲਾਂ ਨਾਲ ਸ਼ਿੰਗਾਰੀ,
ਦੋ ਨਦੀਆਂ ਰਲ਼ ਵਗਦੀਆਂ ਜਿੱਥੇ, ਇੱਕ ਸੋਹਣੀ ਇੱਕ ਪਿਆਰੀ।
ਚਾਰ ਚੁਫੇਰੇ ਪਰਬਤ ਉੱਚੇ, ਨਾਲ਼ ਘਾਹਾਂ ਦੇ ਕੱਜੇ,
ਇਹਨਾਂ ਨਦੀਆਂ ਦੇ ਮੋਹਨ-ਬੰਧਨ, ਖੜ੍ਹੇ ਯੁਗਾਂ ਤੋਂ ਬੱਝੇ।
ਏਸੇ ਵਾਦੀ ਦੀ ਹਿੱਕ ਉੱਤੇ, ਵਾਂਗ ਸੁਗੰਧੀ ਘੁੰਮਦਾ,
ਹਰਿਆਵਲ ਦੀ ਬੁੱਕਲ ਵਿੱਚ, ਮੈਂ ਪਲ-ਪਲ ਜਾਵਾਂ ਘੁੰਮਦਾ।

**4 × 1 = 4**

(*i*) ਪਹਿਲਗਾਮ ਦੀ ਸੁੰਦਰ ਵਾਦੀ, ਕਿਸ ਨਾਲ ਸ਼ਿੰਗਾਰੀ ਹੋਈ ਹੈ ?

ਉੱਤਰ—ਚੀਲਾਂ ਨਾਲ।

(*ii*) ਉੱਥੇ ਕਿੰਨੀਆਂ ਨਦੀਆਂ ਵਗਦੀਆਂ ਹਨ ?

ਉੱਤਰ—ਦੋ।

(*iii*) ਚਾਰ ਚੁਫੇਰੇ ਉੱਚੇ ਪਰਬਤ ਕਿਸ ਚੀਜ਼ ਨਾਲ ਕੱਜੇ ਹੋਏ ਹਨ ?

ਉੱਤਰ—ਘਾਹਾਂ।

(*iv*) ਕਵੀ ਵਾਦੀ ਵਿੱਚ ਕਿਸ ਵਾਂਗ ਘੁੰਮਦਾ ਹੈ ?

ਉੱਤਰ—ਸੁਗੰਧੀ ਵਾਂਗ।

**ਭਾਗ-II : ਵਿਆਕਰਨ (Part-II : Grammer) 12**

**ਪ੍ਰਸ਼ਨ 3.** ਸਮਾਸੀ ਸ਼ਬਦ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2 × 1 = 2**

(*i*) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ ਨਹੀਂ ਹੈ ?

(A) ਵਿਆਹ (B) ਤਿਕੋਣ

(C) ਸਤੱਤਰ (D) ਦੁਨਾਲੀ।

ਉੱਤਰ—(A) ਵਿਆਹ ।

(*ii*) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਾਂਵ+ਨਾਂਵ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ ?

(A) ਕਾਲੇਪਾਣੀ (B) ਨੀਲ-ਕਮਲ

(C) ਦੂਰ-ਦ੍ਰਿਸ਼ਟੀ (D) ਹੱਥ-ਕੜੀ।

ਉੱਤਰ—(D) ਹੱਥ-ਕੜੀ ।

(*iii*) 'ਧਰਮ-ਕਰਮ' ਸਮਾਸੀ ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ—

(A) ਧਰਮ ਦੇ ਕਰਮ (B) ਧਰਮ ਅਤੇ ਕਰਮ

(C) ਧਰਮ ਲਈ ਕਰਮ (D) ਧਰਮ ਹੀ ਕਰਮ।

ਉੱਤਰ—(B) ਧਰਮ ਅਤੇ ਕਰਮ

**ਪ੍ਰਸ਼ਨ 4.** ਬਹੁ-ਅਰਥਕ ਸ਼ਬਦ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2 × 1 = 2**

(*i*) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਗੁਫ਼ਾ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀਂ ਹੈ ?

(A) ਗਾਰ

(B) ਕੰਦਰ

(C) ਪਹਾੜ ਵਿਚਲੀ ਖੋਖਲੀ ਥਾਂ

(D) ਟੋਆ।

ਉੱਤਰ—(D) ਟੋਆ ।

(*ii*) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਂਵਾਂ ਭਰਨ ਲਈ ਢੁੱਕਵਾਂ ਬਹੁ-ਅਰਥਕ ਸ਼ਬਦ ਚੁਣੋ :

ਫਿਰ ਉਹ ਪੈਲ਼ੀ ਦੀ .............. ਤੋਂ ਲੜ ਪਏ। ਹਿੰਮਤ ਨੂੰ ਬੜਾ ........... ਚੜ੍ਹਿਆ। ਉਸ ਨੇ ਪ੍ਰੀਤਮ ਨੂੰ ......... ਕੇ ਚਪੇੜ ਮਾਰ ਦਿੱਤੀ। ਪ੍ਰੀਤਮ ਦੜ ............ ਕੇ ਰਹਿ ਗਿਆ।

(A) ਸੋਟੀ (B) ਵੱਟ

(C) ਗੁੱਸਾ (D) ਦੁਸ਼ਮਣੀ।

ਉੱਤਰ—(B) ਵੱਟ ।

(*iii*) 'ਵਾਰ' ਦਾ ਇੱਕ ਅਰਥ ਹੈ; 'ਹਮਲਾ ਕਰਨਾ' ਹੋਰ ਅਰਥ ਹੈ/ਹਨ :

(A) ਇੱਕ ਕਾਵਿ-ਰੂਪ (B) ਵਾਰਨਾ

(C) ਦਿਨ (D) ਉਪਰੋਕਤ ਸਾਰੇ ਹੀ।

ਉੱਤਰ—(D) ਉਪਰੋਕਤ ਸਾਰੇ ਹੀ ।

**ਪ੍ਰਸ਼ਨ 5.** ਕਿਰਿਆ-ਵਿਸ਼ੇਸ਼ਣ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2 × 1 = 2**

(*i*) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਹੁਣ, ਤੁਰੰਤ, ਅੱਜ (B) ਉੱਤੇ, ਅੰਦਰ, ਬਾਹਰ

(C) ਸੱਜੇ, ਪਰੇ, ਪਿੱਛੇ (D) ਬਹੁਤ ਅੱਛਾ, ਠੀਕ, ਆਹੋ।

ਉੱਤਰ—(B) ਉੱਤੇ, ਅੰਦਰ, ਬਾਹਰ ।

(*ii*) ਵਿਆਕਰਨ ਅਨੁਸਾਰ ਕਿਰਿਆ-ਵਿਸ਼ੇਸ਼ਣ ਕਿੰਨੀ ਕਿਸਮ ਦੇ ਹੁੰਦੇ ਹਨ ?

(A) ਪੰਜ (B) ਛੇ

(C) ਸੱਤ (D) ਅੱਠ।

ਉੱਤਰ—ਅੱਠ।

(*iii*) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਰਾਜਨ ਹਰ ਗੱਲ ਦਾ ਜਵਾਬ ਬਾਦਲੀਲ ਦਿੰਦਾ ਹੈ ।

(A) ਰਾਜਨ (B) ਹਰ ਗੱਲ

(C) ਬਾਦਲੀਲ (D) ਦਿੰਦਾ ਹੈ।

ਉੱਤਰ—(C) ਬਾਦਲੀਲ।

**ਪ੍ਰਸ਼ਨ 6.** ਅਗੇਤਰ-ਪਿਛੇਤਰ **1 + 1 = 2**

ਪੁੱਛੇ ਗਏ ਅਨੁਸਾਰ ਹੱਲ ਕਰੋ :

(*i*) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਪ, ਪਰ

HOLY FAITH INTERNATIONAL (P) LTD.

**ਉੱਤਰ**—(*i*) (ੳ) ਅਪਸ਼ਬਦ, ਅਪਵਾਦ।

(ਅ) ਪਰਦੇਸ, ਪਰਸਾਨ।

(*ii*) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਹਟ, ਲਾ

**ਉੱਤਰ**—(*ii*) (ੳ) ਮੁਸਕਰਾਹਟ, ਤਿਲਮਲਾਹਟ

(ਅ) ਅਖੀਰਲਾ, ਅਗਲਾ।

**ਪ੍ਰਸ਼ਨ 7. ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ ਨੂੰ** ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ : **4 × 1 = 4**

(*i*) ਝੱਗ ਛੱਡਣਾ

(*ii*) ਖਾਣ ਨੂੰ ਪੈਣਾ

(*iii*) ਘੋਗਾ ਚਿੱਤ ਕਰਨਾ

(*iv*) ਚਿਹਰਾ ਉਤਰ ਜਾਣ

(*v*) ਛੱਜ ਵਿੱਚ ਪਾ ਕੇ ਛੱਟਣਾ

(*vi*) ਜੀਅ ਭਰ ਜਾਣਾ।

**(*i*) ਝੱਗ ਛੱਡਣਾ** (ਗੁੱਸੇ ਵਿਚ ਆਉਣਾ)—ਗੁਰਬੀਰ ਨੇ ਸ਼ਿੰਦੇ ਨੂੰ ਕਿਹਾ, ''ਮੈਂ ਤੈਨੂੰ ਕੋਈ ਮਾੜੀ ਚੰਗੀ ਕਹੀ ਹੈ ? ਤੂੰ ਕਿਉਂ ਐਵੇਂ **ਝੱਗ ਛੱਡਣੀ** ਸ਼ੁਰੂ ਕਰ ਦਿੱਤੀ ਹੈ ।''

**(*ii*) ਖਾਣ ਨੂੰ ਪੈਣਾ (ਬਹੁਤ ਗੁਸੈਖ਼ੋਰ ਹੋਣਾ)**—ਤੁਹਾਡੇ ਬੁੜੇ ਦਾ ਸੁਭਾ ਬੜਾ ਕੌੜਾ ਹੈ। ਤੁਸੀਂ ਉਸ ਨਾਲ ਜਿੰਨੇ ਵੀ ਅਰਾਮ ਨਾਲ ਗੱਲ ਕਰੋ, ਪਰ ਉਹ **ਅੱਗੋਂ ਖਾਣ ਨੂੰ** ਪੈਂਦਾ ਹੈ।

**(*iii*) ਘੋਗਾ ਚਿੱਤ ਕਰਨਾ** (ਮਾਰ ਦੇਣਾ)—ਉਸਨੇ ਤਲਵਾਰ ਦੇ ਇਕੋ ਵਾਰ ਨਾਲ ਦੁਸ਼ਮਣ ਦਾ **ਘੋਗਾ ਚਿੱਤ ਕਰ** ਦਿੱਤਾ ।

**(*iv*) ਚਿਹਰਾ ਉਤਰ ਜਾਣ (ਉਦਾਸ ਹੋਣਾ)**—ਫੇਲ੍ਹ ਹੋਣ ਦੀ ਖ਼ਬਰ ਸੁਣ ਕੇ ਮੋਹਨ ਦਾ **ਚਿਹਰਾ ਉੱਤਰ ਗਿਆ।**

**ਭਾਗ-III : ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-III :Writing Skill) 8 + 6 + 4 = 18**

**ਪ੍ਰਸ਼ਨ 8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ। : 1 × 8 = 8**

**(*i*) ਵਿਹਲਾ ਮਨ ਸ਼ੈਤਾਨ ਦਾ ਘਰ**

(ਮਨ ਦਾ ਅਰਥ ............ ਵਿਹਲਾ ਮਨ ਸ਼ੈਤਾਨ ਦਾ ਘਰ .......... ਵਿਹਲੇ ਮਨ ਤੋਂ ਭਾਵ ....... ਪਰੇਸ਼ਾਨੀ ਦਾ ਕਾਰਨ ........... ਮਨ ਨੂੰ ਇਕਾਗਰ ਕਰਨ ਦੀ ਜ਼ਰੂਰਤ ............ ਮਨ ਨੂੰ ਇਕਾਗਰ ਕਰਨ ਦੇ ਨੁਕਤੇ .......... ਸਿੱਟਾ ...............)

**(*ii*) ਦਿਨੋ-ਦਿਨ ਵੱਧ ਰਹੀ ਮੋਬਾਈਲ ਦੀ ਵਰਤੋਂ**

(ਜਾਣ-ਪਛਾਣ .......... ਮੋਬਾਈਲ ਦਾ ਹਰਮਨ-ਪਿਆਰਾ ਹੋਣਾ .......... ਵਿਦਿਆਰਥੀਆਂ ਵਿੱਚ ਮੋਬਾਈਲ ਦੀ ਵਰਤੋਂ ਦਾ ਜਨੂੰਨ ....... ਤਕਨੀਕੀ ਕੰਪਨੀਆਂ ਦਾ ਯੋਗਦਾਨ .......... ਮੋਬਾਈਲ ਦੀ ਸਹੀ ਵਰਤੋਂ .......... ਮੋਬਾਈਲ ਦੀ ਫ਼ਜ਼ੂਲ ਵਰਤੋਂ ਤੇ ਗੰਭੀਰ ਰੋਗਾਂ ਦਾ ਸ਼ਿਕਾਰ ਹੋਣਾ ............ ਸਮੇਂ ਤੇ ਧਨ ਦੀ ਬਰਬਾਦੀ ............. ਰਿਸ਼ਤਿਆਂ ਵਿੱਚ ਤਰੇੜਾਂ .......... ਬੱਚਿਆਂ 'ਤੇ ਬਹੁਤ ਬੁਰਾ ਪ੍ਰਭਾਵ ........ ਠੱਗੀਆਂ .......... ਸੁਝਾਅ ...... ਸਾਰੰਸ਼ ............)

**(*iii*) ਪੰਜਾਬ ਦੇ ਲੋਕ-ਗੀਤ**

(ਭੂਮਿਕਾ ......... ਪੰਜਾਬ ਦੇ ਲੋਕਾਂ ਦਾ ਜਨਜੀਵਨ ......... ਲੋਕ-ਗੀਤਾਂ ਨਾਲ ਪੰਜਾਬੀਆਂ ਦਾ ਸੰਬੰਧ ........... ਲੋਕ-ਗੀਤਾਂ ਦਾ ਹੋਂਦ ਵਿੱਚ ਆਉਣਾ ......... ਲੋਕ ਗੀਤਾਂ ਦੇ ਰੂਪ .......... ਲੋਕ-ਗੀਤਾਂ ਦਾ ਸਭਿਆਚਾਰਕ ਤੇ ਇਤਿਹਾਸਕ ਪੱਖ .......... ਲੋਕ-ਗੀਤਾਂ ਦੀ ਉਮਰ ......... ਸਾਰੰਸ਼ .........)

**ਉੱਤਰ—(*i*) ਵਿਹਲਾ ਮਨ ਸ਼ੈਤਾਨ ਦਾ ਘਰ**

'ਵਿਹਲਾ ਮਨ ਸ਼ੈਤਾਨ ਦਾ ਘਰ' ਇਕ ਲੋਕ-ਅਖਾਣ ਹੈ, ਜਿਸਦਾ ਮਤਲਬ ਹੈ ਕਿ ਜਿਸ ਮਨੁੱਖ ਕੋਲ ਕਰਨ ਲਈ ਕੋਈ ਕੰਮ ਜਾਂ ਰੁਝੇਵਾ ਨਹੀਂ ਹੁੰਦਾ, ਉਹ ਆਲੇ-ਦੁਆਲੇ ਵਿਚ ਅਸ਼ਾਂਤੀ ਤੇ ਗੜਬੜ ਫੈਲਾਉਣ ਵਾਲੀਆਂ ਗੱਲਾਂ ਸੋਚਦਾ ਹੈ ਤੇ ਉਨ੍ਹਾਂ ਉੱਤੇ ਅਮਲ ਕਰਦਾ ਹੋਇਆ ਚੋਰੀ-ਚਕਾਰੀ ਕਰਨ, ਲੜਾਈ-ਝਗੜੇ ਪੈਦਾ ਕਰਨ, ਕਿਸੇ ਪ੍ਰਕਾਰ ਦੀ ਤੋੜ-ਭੰਨ ਜਾਂ ਹੋਰ ਕਿਸੇ ਨਜ਼ਾਇਜ਼ ਢੰਗ ਨਾਲ ਕਮਾਈ ਕਰਨ ਵਾਲੇ ਕੰਮ ਕਰਦਾ ਹੈ। ਉਸਦੇ ਅਜਿਹੇ ਕੰਮ ਆਮ ਕਰਕੇ ਦੂਜਿਆਂ ਲਈ ਤਕਲੀਫ ਪੈਦਾ ਕਰਨ ਵਾਲੇ ਜਾਂ ਹੈਰਾਨ ਕਰਨ ਵਾਲੇ ਹੁੰਦੇ ਹਨ। ਅਜਿਹੇ ਬੰਦੇ ਦੀਆਂ ਅਜਿਹੀਆਂ ਹਰਕਤਾਂ ਨੂੰ ਬਿਆਨ ਕਰਨ ਲਈ ਜਾਂ ਕਿਸੇ ਨੂੰ ਵਿਹਲੇ ਰਹਿਣ ਦੇ ਨੁਕਸਾਨ ਦੱਸ ਕੇ ਉਸਨੂੰ ਵਿਹਲਾ ਰਹਿਣ ਤੋਂ ਵਰਜਣ ਤੇ ਕੰਮ ਕਰਨ ਦੀ ਪ੍ਰੇਰਣਾ ਦੇਣ ਲਈ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

ਜੀਵ-ਜਗਤ ਵਿਚ ਹਰ ਇਕ ਪਸ਼ੂ-ਪੰਛੀ ਕੋਲ ਕਿਸੇ ਨਾ ਕਿਸੇ ਰੂਪ ਵਿੱਚ ਦਿਮਾਗ਼ ਤਾਂ ਜ਼ਰੂਰ ਹੈ, ਪਰੰਤੂ ਸੋਚ-ਸਮਝਣ ਤੇ ਉਸਦੀ ਰਚਨਾਤਮਕ ਵਰਤੋਂ ਦੀ ਸਮਰੱਥਾ ਕੇਵਲ ਮਨੁੱਖ ਕੋਲ ਹੀ ਹੈ। ਮਨੁੱਖੀ ਦਿਮਾਗ਼ ਹਰ ਵੇਲੇ ਕੁੱਝ ਨਾ ਕੁੱਝ ਸੋਚਦਾ ਰਹਿੰਦਾ ਹੈ। ਜੇਕਰ ਉਸ ਕੋਲ ਕੋਈ ਕੰਮ ਜਾਂ ਰੁਝੇਵਾਂ ਹੋਵੇ ਤਾਂ ਉਹ ਉਸ ਸੰਬੰਧੀ ਸੁਚਾਰੂ ਢੰਗ ਨਾਲ ਸੋਚਣ ਤੇ ਉਸਨੂੰ ਸਿਰੇ ਲਾਉਣ ਸੰਬੰਧੀ ਸੋਚਦਾ ਹੈ, ਪਰ ਜੇਕਰ ਉਸ ਕੋਲ ਕੋਈ ਕੰਮ ਨਾ ਹੋਵੇ, ਉਸ ਕੋਲ ਕੋਈ ਜ਼ਿੰਮੇਵਾਰੀ ਨਾ ਹੋਵੇ ਤਾਂ ਉਹ ਵਿਹਲਾ ਹੁੰਦਾ ਹੈ। ਵਿਹਲਾ ਮਨ ਵੀ ਕੁੱਝ ਨਾ ਕੁੱਝ ਕਰਨ ਬਾਰੇ ਸੋਚਦਾ ਰਹਿੰਦਾ ਹੈ। ਉਸਨੂੰ ਪੇਟ ਭਰਨ ਲਈ ਰੋਟੀ ਦੀ ਜ਼ਰੂਰਤ ਹੁੰਦੀ ਹੈ। ਜੇਕਰ ਇਸ ਬੁਨਿਆਦੀ ਜ਼ਰੂਰਤ ਨੂੰ ਪੂਰੀ ਕਰਨ ਲਈ ਉਸ ਕੋਲ ਲੋੜੀਂਦੇ ਪੈਸੇ ਪ੍ਰਾਪਤ ਕਰਨ ਲਈ ਕੰਮ ਨਾ ਹੋਵੇ, ਤਾਂ ਉਹ ਚੋਰ-ਚਕਾਰੀ ਕਰ ਕੇ ਆਪਣੀ ਇਸ ਲੋੜ ਨੂੰ ਪੂਰੀ ਕਰਨ ਬਾਰੇ ਸੋਚਦਾ ਹੈ, ਜਾਂ ਕਿਸੇ ਅਜਿਹੇ ਟੋਲੇ ਨਾਲ ਜਾ ਰਲਦਾ ਹੈ, ਜਿੱਥੋਂ ਉਸਦੀ ਰੋਟੀ ਦੀ ਲੋੜ ਵੀ ਪੂਰੀ ਹੋ ਸਕੇ ਅਤੇ ਉਸਨੂੰ ਆਲੇ-ਦੁਆਲੇ ਵਿਚ ਪਰਵਾਨ ਵੀ ਕੀਤਾ ਜਾਵੇ। ਅਜਿਹੇ ਬੰਦੇ ਸਮਗਲਰਾਂ ਤੇ, ਫਿਰਕੂ ਟੋਲਿਆਂ ਤੇ ਦੰਗਈਆਂ ਦੇ ਹੱਥੇ ਚੜ੍ਹ ਕੇ ਗ਼ੈਰ-ਕਾਨੂੰਨੀ ਕੰਮ ਕਰਦੇ, ਨਸ਼ੇ ਢੋਂਦੇ ਜਾਂ ਵੇਚਦੇ ਜਾਂ ਲੋਕਾਂ ਵਿੱਚ ਫਿਰਕੂ ਦੰਗੇ ਕਰਾਉਂਦੇ ਹਨ, ਤੇ ਪਾਟੋ-ਪਾੜ ਪੈਦਾ ਕਰਦੇ ਹਨ, ਜਿਸ ਨਾਲ ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕਾਂ ਵਿੱਚ ਡਰ, ਭੈ ਤੇ ਬੇਚੈਨੀ ਦਾ ਵਾਤਾਵਰਨ ਪਸਰ ਜਾਂਦਾ ਹੈ। ਨੌਜਵਾਨਾਂ ਦੀ ਬੇਰੁਜ਼ਗਾਰੀ ਵੀ ਇਸੇ ਕਾਰਨ ਉਨ੍ਹਾਂ ਨੂੰ ਸਮਾਜ-ਵਿਰੋਧੀ ਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਕਰਨ ਦੇ ਰਾਹ ਤੋਰਦੀ ਹੈ।

ਬੇਰੁਜ਼ਗਾਰੀ ਤੇ ਵਿਹਲੇ ਰਹਿਣਾ ਲਗਪਗ ਇੱਕੋ ਅਵਸਥਾ ਦੇ ਦੋ ਨਾਂ ਹਨ। ਬੇਰੁਜ਼ਗਾਰੀ ਵਿਹਲੇ ਬੰਦੇ ਪੈਦਾ ਕਰਦੀ ਹੈ ਤੇ ਵਿਹਲਾ ਰਹਿ ਕੇ ਜੋ ਕੁੱਝ ਮਨੁੱਖ ਕਰਦਾ ਹੈ। ਉਸ ਸੰਬੰਧੀ ਅਸੀਂ ਉੱਪਰ ਜਾਣ ਲਿਆ ਹੈ। ਇਸ ਕਰਕੇ ਸਾਨੂੰ ਕਦੇ ਵੀ ਵਿਹਲੇ ਨਹੀਂ ਰਹਿਣਾ ਚਾਹੀਦਾ, ਸਗੋਂ ਮਨ ਨੂੰ ਇਕਾਗਰ ਕਰਕੇ ਤੇ ਉਸਦੀ ਇਕਾਗਰਤਾ ਨੂੰ ਕਾਇਮ ਰੱਖਣ ਲਈ ਕਿਸੇ ਨਾ ਕਿਸੇ ਪ੍ਰਕਾਰ ਦਾ ਕੰਮ ਕਰਨ ਲੱਗੇ ਰਹਿਣਾ ਚਾਹੀਦਾ ਹੈ। ਉਂਝ ਜਦੋਂ ਸਾਡੇ ਕੋਲ ਕੋਈ ਕੰਮ ਨਾ ਹੋਵੇ ਜਾਂ ਸਾਨੂੰ ਆਪਣੀ ਡਿਊਟੀ ਦੇ ਘੰਟੇ ਪੂਰੇ ਕਰਨ ਮਗਰੋਂ ਵਿਹਲ ਮਿਲੇ, ਤਾਂ ਸਾਨੂੰ ਕੰਮ ਵਿਚ ਆਪਣੇ ਮਾਤਾ-ਪਿਤਾ

HOLY FAITH INTERNATIONAL (P) LTD.

ਦਾ ਹੱਥ ਵਟਾਉਣਾ ਚਾਹੀਦਾ ਹੈ ਤੇ ਹੋਰ ਸਭ ਪ੍ਰਕਾਰ ਦੇ ਪਰਿਵਾਰਿਕ ਕੰਮ ਕਰਨੇ ਚਾਹੀਦੇ ਹਨ। ਸਾਨੂੰ ਅਖਬਾਰਾਂ, ਕਿਤਾਬਾਂ ਤੇ ਰਸਾਲੇ ਪੜ੍ਹ ਕੇ ਜਾਂ ਆਮ ਗਿਆਨ ਦੀਆਂ ਪੁਸਤਕਾਂ ਪੜ੍ਹ ਕੇ ਆਪਣੀ ਰੋਜ਼ਾਨਾ ਤੇ ਚਲੰਤ ਜਾਣਕਾਰੀ ਨੂੰ ਤਰੋ-ਤਾਜ਼ਾ ਰੱਖਣਾ ਚਾਹੀਦਾ ਹੈ। ਅਸੀ ਆਪਣੇ ਛੋਟੇ ਭੈਣ-ਭਰਾਵਾਂ, ਆਂਢ-ਗੁਆਂਢ ਦੇ ਛੋਟੇ ਬੱਚਿਆਂ ਨੂੰ ਪੜ੍ਹਾ ਕੇ ਤੇ ਆਲੇ-ਦੁਆਲੇ ਦੇ ਲੋਕਾਂ ਦੀ ਸਹਾਇਤਾ ਕਰਕੇ ਉਨ੍ਹਾਂ ਵਿੱਚ ਆਪਣੀ ਥਾਂ ਬਣਾ ਸਕਦੇ ਹਾਂ। ਅਸੀਂ ਵਿਹਲ ਜਾਂ ਬੇਰੁਜ਼ਗਾਰੀ ਦੇ ਸਮੇਂ ਵਿੱਚ ਆਪਣੇ ਘਰਾਂ ਵਿਚ ਰਹਿ ਰਹੇ ਗੁਰਦੁਆਰੇ ਜਾਂ ਮੰਦਿਰ ਵਿਚ ਦਰਸ਼ਨ ਕਰਨ ਆਏ ਅੰਗਹੀਣਾਂ ਜਾਂ ਬਜ਼ੁਰਗਾਂ ਨੂੰ ਸਮਝ ਕੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰ ਸਕਦੇ ਹਾਂ। ਅਸੀ ਵਿਹਲ ਦੇ ਸਮੇਂ ਨੂੰ ਘਰ ਵਿਚ ਫੁੱਲ-ਪੌਦੇ ਤੇ ਸਬਜ਼ੀਆਂ ਪੈਦਾ ਕਰਨ ਵਿਚ ਵੀ ਖ਼ਰਚ ਕਰ ਸਕਦੇ ਹਾਂ।

ਜੇਕਰ ਅਸੀਂ ਬੇਰੁਜ਼ਗਾਰ ਹੋਈਏ, ਤਾਂ ਸਾਨੂੰ ਵਿਹਲੇ ਰਹਿਣ ਤੇ ਨਿਰਾਸ਼ ਹੋਣ ਦੀ ਥਾਂ ਜਿਹੜਾ ਵੀ ਛੋਟਾ-ਮੋਟਾ ਕੰਮ ਮਿਲੇ ਉਸਨੂੰ ਕਰਨ ਲਗ ਪੈਣਾ ਚਾਹੀਦਾ ਹੈ ਤੇ ਕਿਸੇ ਵੀ ਕੰਮ ਨੂੰ ਛੋਟਾ, ਮਾੜਾ, ਨੀਵਾਂ ਜਾਂ ਆਪਣੀ ਸ਼ਾਨ ਦੇ ਖਿਲਾਫ਼ ਨਹੀਂ ਸਮਝਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਮਨ ਭਟਕਦਾ ਨਹੀਂ ਤੇ ਉਸ ਵਿੱਚ ਟਿਕਾਉ ਤੇ ਸੰਤੁਲਨ ਪੈਦਾ ਹੁੰਦਾ ਹੈ। ਸਮਾਂ ਪਾ ਕੇ ਛੋਟੇ ਪੱਧਰ ਦੇ ਕੰਮ ਕਰਕੇ ਬੰਦੇ ਨੂੰ ਵੱਡੇ ਕੰਮ ਕਰਨ ਤੇ ਜ਼ਿੰਮੇਵਾਰੀ ਸੰਭਾਲਣ ਦੇ ਮੌਕੇ ਮਿਲ ਜਾਂਦੇ ਹਨ। ਇਸ ਤਰ੍ਹਾਂ ਮਿਹਨਤ ਨਾਲ ਅੱਗੇ ਵਧਣ ਨਾਲ ਸਰੀਰਿਕ ਤੰਦਰੁਸਤੀ ਦੇ ਨਾਲ ਸ੍ਵੈ-ਵਿਸ਼ਵਾਸ ਵਿੱਚ ਵਾਧਾ ਹੁੰਦਾ ਹੈ। ਮਨ ਵਿੱਚ ਸਤੁੰਸ਼ਟੀ, ਟਿਕਾਊ ਤੇ ਸੁੱਖ ਦਾ ਅਨੁਭਵ ਹੁੰਦਾ ਹੈ। ਬਜ਼ੁਰਗ ਆਪਣੇ ਵਿਹਲੇ ਸਮੇਂ ਨੂੰ ਬੱਚਿਆਂ ਨੂੰ ਪੜ੍ਹਾ ਕੇ, ਅਖ਼ਬਾਰਾਂ, ਰਸਾਲੇ ਤੇ ਕਿਤਾਬਾਂ ਪੜ੍ਹ ਕੇ, ਪਾਰਕਾਂ ਵਿੱਚ ਆਪਣੇ ਹਮ ਉਮਰਾਂ ਨਾਲ ਤਾਸ਼, ਚੌਪੜ, ਤੇ ਬਾਰਾਂ-ਟਾਹਣੀ ਖੇਡ ਕੇ ਮਨ ਨੂੰ ਸ਼ੈਤਾਨ ਦਾ ਘਰ ਬਣਨ ਤੋਂ ਬਚਾ ਸਕਦੇ ਹਨ।

**(*ii*) ਦਿਨੋ-ਦਿਨ ਵੱਧ ਰਹੀ ਮੋਬਾਈਲ ਦੀ ਵਰਤੋਂ**

ਮੋਬਾਈਲ ਫੋਨ ਵਰਤਮਾਨ ਸੰਸਾਰ ਵਿਚ ਸੂਚਨਾ-ਸੰਚਾਰ ਦਾ ਸਭ ਤੋਂ ਹਰਮਨ-ਪਿਆਰਾ ਸਾਧਨ ਬਣ ਗਿਆ ਹੈ । ਅੱਜ ਦੁਨੀਆ ਦੀ 8 ਅਰਬ ਅਬਾਦੀ ਵਿਚੋਂ ਸਾਢੇ ਸੱਤ ਅਰਬ ਲੋਕ ਮੋਬਾਈਲ ਫੋਨ ਦੀ ਵਰਤੋਂ ਕਰ ਰਹੇ ਹਨ। ਇਸ ਸਮੇਂ ਭਾਰਤ ਵਿਚ ਮੋਬਾਈਲ ਫੋਨ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਇਕ ਅਰਬ ਤੋਂ ਉੱਪਰ ਹੈ । ਮੋਬਾਈਲ ਫੋਨ ਦੇ ਖ਼ਪਤਕਾਰਾਂ ਵਿਚ ਬਹੁਤੀ ਗਿਣਤੀ ਨੌਜਵਾਨ ਵਿਦਿਆਰਥੀ ਮੁੰਡੇ-ਕੁੜੀਆਂ ਦੀ ਹੈ । ਨੌਜਵਾਨ ਵਿਦਿਆਰਥੀ ਪਹਿਲਾਂ ਇਸਦੀ ਵਰਤੋਂ ਬਹੁਤਾ ਕਰਕੇ ਗੇਮਾਂ ਖੇਡਣ, ਫੇਸ ਬੁੱਕ ਤੇ ਟਿੱਕ-ਟਾਕ, ਮੈਸੇਜ ਭੇਜਣ ਅਤੇ ਫੋਟੋਆਂ ਖਿੱਚਣ ਲਈ ਹੀ ਕਰਦੇ ਹਨ, ਪਰ 2019-20 ਵਿਚ ਇਸਦੀ ਬਹੁਤੀ ਵਰਤੋਂ ਬਹੁਤਾ ਕਰਕੇ ਆਨਲਾਈਨ ਪੜ੍ਹਾਈ ਲਈ ਹੋਈ ਤੇ ਜਿਸ ਵਿਦਿਆਰਥੀ ਦੇ ਹੱਥ ਵਿੱਚ ਕਿਸੇ ਕਾਰਨ ਮੋਬਾਈਲ ਨਹੀਂ ਸੀ, ਉਸਨੂੰ ਵੀ ਮਜਬੂਰੀ ਵੱਸ ਲੈਣਾ ਪਿਆ। ਇਸ ਨੇ ਆਨਲਾਈਨ ਪੜ੍ਹਾਈ ਵਿੱਚ ਬੇਸ਼ਕ ਸਹਾਇਤਾ ਕੀਤੀ, ਪਰੰਤੂ ਇਸ ਨੇ ਵਿਦਿਆਰਥੀ ਵਿੱਚ ਹੋਰ ਇੱਲਤਾਂ ਨੂੰ ਵੀ ਪੈਦਾ ਕਰ ਦਿੱਤੀਆਂ। ਇਸ ਨਾਲ ਉਨ੍ਹਾਂ ਦੀ ਪਹੁੰਚ ਬਹੁਤ ਸਾਰੀ ਉਸ ਸਾਮਗਰੀ ਤਕ ਵੀ ਹੋ ਗਈ, ਜੋ ਉਨ੍ਹਾਂ ਦੀ ਸਰੀਰਿਕ ਵਿਕਾਸ ਤੇ ਮਾਨਸਿਕਤਾ ਲਈ ਹਾਨੀਕਾਰਕ ਹਨ। ਇਸ ਤੋਂ ਇਲਾਵਾ ਉਨ੍ਹਾਂ ਵਿੱਚ ਕਿਤਾਬਾਂ ਖ਼ਰੀਦਣ ਦੀ ਰੁਚੀ ਘਟ ਗਈ ਤੇ ਉਹ ਸਕੈਨ ਕੀਤੀਆਂ ਕਿਤਾਬਾਂ ਉੱਤੇ ਨਿਰਭਰ ਕਰਨ ਲੱਗੇ ਨਾਲ ਹੀ ਉਨ੍ਹਾਂ ਵਿਚ ਅਸ਼ਲੀਲ ਸਾਮਗਰੀ ਤੇ ਹਰਕਤਾਂ ਪ੍ਰਵੇਸ਼ ਕਰਨ ਲੱਗੀਆਂ ਤੇ ਉਨ੍ਹਾਂ ਦੇ ਸਮੇਂ ਦਾ ਨਾਸ਼ ਹੋਣ ਲੱਗਾ।

ਨੌਜਵਾਨ ਵਰਗ ਤੋਂ ਇਲਾਵਾ ਮੋਬਾਈਲ ਫੋਨ ਦੀ ਵਰਤੋਂ ਸਮਾਜ ਵਿਚ ਹਰ ਪੱਧਰ ਤੇ ਹਰ ਕਿੱਤੇ ਨਾਲ ਸੰਬੰਧਿਤ ਵਿਅਕਤੀ ਕਰ ਰਿਹਾ ਹੈ। ਇੰਞ ਜਾਪਦਾ ਹੈ, ਜਿਵੇਂ ਅੱਜ ਦੀ ਜ਼ਿੰਦਗੀ ਮੋਬਾਈਲ ਫੋਨਾਂ ਦੇ ਸਿਰ ਉੱਤੇ ਹੀ ਚਲ ਰਹੀ ਹੋਵੇ ।

ਅੱਜ ਦੀ ਦੁਨੀਆਂ ਵਿਚ ਮੋਬਾਈਲ ਫੋਨ ਸਰਬ-ਵਿਆਪਕ ਹੈ ਕਿਉਂਕਿ ਇਸਦੇ ਬਹੁਤ ਸਾਰੇ ਲਾਭ ਹਨ। ਇਸ ਦਾ ਸਭ ਤੋਂ ਵੱਡਾ ਲਾਭ ਤਟਫਟ ਸੂਚਨਾ-ਸੰਚਾਰ ਦਾ ਸਾਧਨ ਹੋਣਾ ਹੈ । ਤੁਸੀਂ ਭਾਵੇਂ ਕਿਤੇ ਵੀ ਅਤੇ ਕਿਸੇ ਵੀ ਹਾਲਤ ਵਿਚ ਹੋਵੋ, ਇਹ ਨਾ ਕੇਵਲ ਤੁਹਾਡੀ ਗੱਲ ਜਾਂ ਸੰਦੇਸ਼ ਨੂੰ ਮਿੰਟਾਂ-ਸਕਿੰਟਾਂ ਵਿਚ ਦੁਨੀਆ ਦੇ ਕਿਸੇ ਥਾਂ ਵੀ ਕਿਸੇ ਵੀ ਹਾਲਤ ਵਿਚ ਮੌਜੂਦ ਤੁਹਾਡੇ ਮਿੱਤਰ-ਪਿਆਰੇ, ਸਨੇਹੀ-ਰਿਸ਼ਤੇਦਾਰ ਜਾਂ ਵਪਾਰਕ ਸੰਬੰਧੀ ਤਕ ਪੁਚਾ ਸਕਦਾ ਹੈ, ਸਗੋਂ ਉਸਦਾ ਉੱਤਰ ਵੀ ਨਾਲੋ-ਨਾਲ ਗੱਲ-ਬਾਤ ਜਾਂ ਐੱਸ.ਐੱਮ.ਐੱਸ ਰਾਹੀਂ ਤੁਹਾਡੇ ਤਕ ਪੁਚਾ ਦਿੰਦਾ ਹੈ। ਇਸ ਨਾਲ ਜਿੱਥੇ ਸਾਡੇ ਪਰਿਵਾਰਕ, ਸਮਾਜਿਕ ਤੇ ਰਾਜਨੀਤਿਕ ਜੀਵਨ ਵਿਚ ਸਾਡੀ ਕਿਰਿਆਤਮਕਤਾ ਨੂੰ ਹੁਲਾਰਾ ਮਿਲਦਾ ਹੈ, ਉੱਥੇ ਨਾਲ ਹੀ ਵਾਪਰਕ ਤੇ ਆਰਥਿਕ ਖੇਤਰ ਵਿਚ ਉਤਪਾਦਨ ਖਰੀਦ-ਫਰੋਖ਼ਤ, ਮੰਗ-ਪੂਰਤੀ, ਦੇਣ-ਲੈਣ, ਭੁਗਤਾਨ ਅਤੇ ਕਾਨੂੰਨ-ਵਿਵਸਥਾ ਦੇ ਸੁਧਾਰ ਵਿਚ ਗਤੀ ਆਉਣ ਨਾਲ ਵਿਕਾਸ ਦੀ ਦਰ ਤੇਜ਼ ਹੁੰਦੀ ਹੈ।

ਇਸ ਦੇ ਨਾਲ ਹੀ ਮੋਬਾਈਲ ਫੋਨ ਦਿਲ-ਪਰਚਾਵੇ ਦਾ ਵਧੀਆ ਸਾਧਨ ਹੈ। ਮੋਬਾਈਲ ਫੋਨ ਜੇਬ ਵਿਚ ਹੁੰਦਿਆਂ ਸਾਨੂੰ ਇਕੱਲ ਦਾ ਬਹੁਤਾ ਅਹਿਸਾਸ ਨਹੀਂ ਹੁੰਦਾ । ਇਸ ਰਾਹੀਂ ਅਸੀਂ ਹਰ ਸਮੇਂ ਭਿੰਨ-ਭਿੰਨ ਪ੍ਰਕਾਰ ਦੇ ਦਿਲ-ਪਰਚਾਵਿਆਂ ਤੇ ਉਤਸੁਕਤਾ-ਜਗਾਊ ਸਾਧਨਾਂ ਨਾਲ ਜੁੜੇ ਰਹਿੰਦੇ ਹਾਂ।

ਕੇਵਲ ਆਮ ਖ਼ਪਤਕਾਰ ਹੀ ਨਹੀਂ ਇਨ੍ਹਾਂ ਦਾ ਉਤਪਾਦਨ ਕਰਨ ਵਾਲੀਆਂ ਤੇ ਸੰਚਾਰ-ਸੇਵਾ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਅਰਬਾਂ ਰੁਪਏ ਦੀ ਕਮਾਈ ਕਰਦੀਆਂ ਹਨ ਤੇ ਨਾਲ ਹੀ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਵੀ ਦਿੰਦੀਆਂ ਹਨ। ਇਸ ਤੋਂ ਇਲਾਵਾਂ ਜੁਰਮਾਂ ਦੀ ਪੜਤਾਲ ਕਰਨ ਵਿਚ ਪੁਲਿਸ ਤੇ ਹੋਰਨਾਂ ਗੁਪਤਚਰ ਏਜੰਸੀਆਂ ਨੂੰ ਵੀ ਇਸਦਾ ਬਹੁਤ ਲਾਭ ਹੋਇਆ ਹੈ। ਫਲਸਰੂਪ ਕਈ ਖ਼ਤਰਨਾਕ ਮੁਜਰਿਮ ਫੜੇ ਜਾਂ ਮਾਰੇ ਜਾ ਸਕੇ ਹਨ।

ਇਸ ਤਰ੍ਹਾਂ ਇਸ ਦੇ ਲਾਭਾਂ ਦਾ ਕੋਈ ਪਾਰਾਵਾਰ ਨਹੀਂ। ਪਰ ਜਿੱਥੇ ਇਸ ਦੇ ਇੰਨੇ ਲਾਭ ਹਨ, ਉੱਥੇ ਨੁਕਸਾਨ ਵੀ ਹਨ। ਸਮਾਜ-ਵਿਰੋਧੀ ਲੋਕਾਂ ਦੇ ਹੱਥਾਂ ਵਿਚ ਆ ਕੇ ਇਹ ਕਈ ਪ੍ਰਕਾਰ ਦੇ ਖ਼ਤਰਨਾਕ ਜੁਰਮਾਂ ਤੇ ਅਤਿਵਾਦੀ ਕਾਰਵਾਈਆਂ ਨੂੰ ਨੇਪਰੇ ਚਾੜ੍ਹਨ ਵਿਚ ਸਹਾਇਤਾ ਕਰਦਾ ਹੈ।

ਇਹ ਮਨੁੱਖੀ ਸਿਹਤ ਅਤੇ ਜਾਨਵਰਾਂ ਦੀ ਹੋਂਦ ਲਈ ਹੀ ਖ਼ਤਰਾ ਪੈਦਾ ਕਰ ਰਿਹਾ ਹੈ ਤੇ ਪੈਸੇ ਬਟੋਰੂ ਕੰਪਨੀਆਂ ਦੇ ਲਾਲਚ ਕਰਕੇ ਲੋਕਾਂ ਦੀਆਂ ਜੇਬਾਂ ਉੱਤੇ ਹੱਲਾ ਬੋਲ ਕੇ ਉਨ੍ਹਾਂ ਤੋਂ ਗ਼ੈਰ-ਰਚਨਾਤਮਿਕ ਕੰਮਾਂ ਉੱਤੇ ਖ਼ਰਚ ਕਰਾਉਂਦਾ ਹੈ। ਇਸ ਦੀਆਂ ਰਿੰਗਟੋਨਾਂ ਵਾਤਾਵਰਨ ਵਿਚ ਖ਼ਲਲ ਪੈਦਾ ਕਰਦੀਆਂ ਹਨ। ਇਸ ਦੀ ਗ਼ੈਰ-ਜ਼ਿੰਮੇਵਾਰੀ ਭਰੀ ਵਰਤੋਂ ਦੁਰਘਟਨਾਵਾਂ ਨੂੰ ਵੀ ਜਨਮ ਦਿੰਦੀ ਹੈ। ਇਨ੍ਹਾਂ ਦੋਸ਼ਾਂ ਦੇ ਬਾਵਜੂਦ ਇਹ ਇਕ ਹਰਮਨ ਪਿਆਰਾ ਸੰਚਾਰ-ਸਾਧਨ ਤੇ ਸੱਭਿਅਤਾ ਦੇ ਵਿਕਾਸ ਦਾ ਸੂਚਕ ਹੈ।

**(*iii*) ਪੰਜਾਬ ਦੇ ਲੋਕ-ਗੀਤ**

ਪੰਜਾਬ ਲੋਕ-ਗੀਤਾਂ ਦੀ ਧਰਤੀ ਹੈ । ਇੱਥੋਂ ਦਾ ਹਰ ਇਕ ਵਾਸੀ ਗੀਤਾਂ ਵਿਚ ਜਨਮ ਲੈਂਦਾ, ਗੀਤਾਂ ਵਿਚ ਜੀਵਨ ਮਾਣਦਾ ਅਤੇ ਅੰਤ ਗੀਤਾਂ ਵਿਚ ਹੀ ਮਰ ਜਾਂਦਾ ਹੈ । ਇਸ ਪ੍ਰਕਾਰ ਲੋਕ-ਗੀਤਾਂ ਦਾ ਸੰਬੰਧ ਪੰਜਾਬ ਦੇ ਸੱਭਿਆਚਾਰਕ ਜੀਵਨ ਨਾਲ ਹੈ ।

ਲੋਕ-ਗੀਤਾਂ ਦੀ ਰਚਨਾ ਕੋਈ ਵਿਸ਼ੇਸ਼ ਕਵੀ ਨਹੀਂ ਕਰਦਾ, ਸਗੋਂ ਸਧਾਰਨ ਲੋਕਾਂ ਦੇ ਦਿਲੀ- ਭਾਵ ਗੀਤਾਂ ਦਾ ਰੂਪ ਧਾਰ ਕੇ ਫੁੱਟ ਨਿਕਲਦੇ ਹਨ । ਇਸ ਕਰਕੇ ਇਨ੍ਹਾਂ ਦਾ ਜਨਮ ਮਨੁੱਖੀ ਸਭਿਅਤਾ ਦੇ ਨਾਲ ਹੀ ਹੋਇਆ ਹੈ ਤੇ ਇਨ੍ਹਾਂ ਦਾ ਵਹਿਣ ਨਿਰੰਤਰ ਵਹਿ ਰਿਹਾ ਹੈ ।

ਲੋਕ-ਗੀਤਾਂ ਵਿਚ ਇਨ੍ਹਾਂ ਦੇ ਰਚਣਹਾਰਿਆਂ ਵਰਗੀ ਸਾਦਗੀ, ਸਰਲਤਾ, ਆਪਮੁਹਾਰਾਪਨ ਤੇ ਅਲਬੇਲਾਪਨ ਹੁੰਦਾ ਹੈ, ਪਰ ਇਨ੍ਹਾਂ ਵਿਚਲੀ ਸਾਦਗੀ, ਅੰਤ੍ਰੀਵ ਭਾਵ ਤੇ ਕਲਪਨਾ-ਉਡਾਰੀ ਬੇਜੋੜ ਹੁੰਦੀ ਹੈ ; ਜਿਵੇਂ—

ਘੁੰਡ ਕੱਢ ਲੈ ਪੱਤਣ ਤੇ ਖੜੀਏ,
ਪਾਣੀਆਂ ਨੂੰ ਅੱਗ ਲੱਗ ਜੂ ।

ਲੋਕ-ਗੀਤਾਂ ਦੇ ਕਈ ਰੂਪ ਹਨ, ਜਿਨ੍ਹਾਂ ਦਾ ਸੰਬੰਧ ਵੱਖ-ਵੱਖ ਖ਼ੁਸ਼ੀ ਤੇ ਗ਼ਮੀ ਦੇ ਮੌਕਿਆਂ, ਖੇਡਾਂ ਤੇ ਰਸਮਾਂ-ਰੀਤਾਂ ਨਾਲ ਹੈ । ਪੰਜਾਬ ਵਿਚ ਗੀਤ ਬੱਚੇ ਦੇ ਜਨਮ ਨਾਲ ਸ਼ੁਰੂ ਹੋ ਜਾਂਦੇ ਹਨ । ਬਚਪਨ ਦੇ ਗੀਤਾਂ ਵਿਚ ਪੁੱਤਰ ਦੇ ਜਨਮ ਦੀ ਚਾਹ, ਖ਼ੁਸ਼ੀ ਤੇ ਸੱਧਰਾਂ ਬਿਆਨ ਕੀਤੀਆਂ ਹੁੰਦੀਆਂ ਹਨ ।

ਜਨਮ ਪਿੱਛੋਂ ਬੱਚਾ ਜ਼ਰਾ ਤਕੜਾ ਹੁੰਦਾ ਹੈ । ਮਾਂ ਘਰ ਦੇ ਕੰਮ-ਕਾਰ ਵਿਚ ਰੁੱਝਣਾ ਚਾਹੁੰਦੀ ਹੈ, ਪਰ ਬੱਚਾ ਉਸ ਨੂੰ ਤੰਗ ਕਰਦਾ ਹੈ । ਮਾਂ ਤੇ ਉਸ ਦੀਆਂ ਭੈਣਾਂ ਉਸ ਨੂੰ ਲੋਰੀਆਂ ਦੇ ਕੇ ਸੁਲਾਉਣ ਦਾ ਯਤਨ ਕਰਦੀਆਂ ਹਨ—

ਅਲੜ ਬਲੜ ਬਾਵੇ ਦਾ,
ਬਾਵਾ ਕਣਕ ਲਿਆਵੇਗਾ,
ਬਾਵੀ ਬੈਠੀ ਛੱਟੇਗੀ,
ਮਾਂ ਪੂਣੀਆਂ ਵਟੇਗੀ,
ਬਾਵੀ ਮੰਨ ਪਕਾਵੇਗੀ,
ਬਾਵਾ ਬੈਠਾ ਖਾਵੇਗਾ ।

ਜ਼ਰਾ ਜਵਾਨ ਹੋਣ ਤੇ ਮੁੰਡਿਆਂ ਅਤੇ ਕੁੜੀਆਂ ਦੇ ਰੁੱਤਾਂ ਤੇ ਤਿਉਹਾਰਾਂ ਨਾਲ ਸੰਬੰਧਿਤ ਗੀਤ ਸ਼ੁਰੂ ਹੋ ਜਾਂਦੇ ਹਨ । ਲੋਹੜੀ, ਬਸੰਤ ਰੁੱਤ, ਬਰਸਾਤ ਦੀ ਰੁੱਤ ਤੇ ਤ੍ਰਿੰਞਣ ਨਾਲ ਸੰਬੰਧਿਤ ਗੀਤਾਂ ਦੇ ਅਨੇਕਾਂ ਨਮੂਨੇ ਪੰਜਾਬੀ ਲੋਕ-ਗੀਤਾਂ ਵਿਚ ਮਿਲ ਜਾਂਦੇ ਹਨ ।

ਜਵਾਨ ਹੋਈ ਕੁੜੀ ਦੀ ਸੁੰਦਰਤਾ ਦਾ ਵਰਣਨ ਵੀ ਲੋਕ-ਗੀਤਾਂ ਵਿਚ ਮਿਲਦਾ ਹੈ ; ਜਿਵੇਂ—

ਹੁਸਨ ਕੁਆਰੀ ਦਾ, ਜਿਉਂ ਦਿਨ ਚੜ੍ਹਦੇ ਦੀ ਲਾਲੀ।

ਮੁੰਡੇ ਜਾਂ ਕੁੜੀ ਦੇ ਜਵਾਨ ਹੋਣ ਤੇ ਉਸ ਦਾ ਵਿਆਹ ਧਰਿਆ ਜਾਂਦਾ ਹੈ, ਤਾਂ ਘਰਾਂ ਵਿਚ ਗੀਤਾਂ ਦੀ ਮਹਿਫਲ ਗਰਮ ਹੋ ਜਾਂਦੀ ਹੈ । ਕੁੜੀ ਦੇ ਘਰ ਸੁਹਾਗ ਤੇ ਮੁੰਡੇ ਦੇ ਘਰ ਘੋੜੀਆਂ ਗਾ ਕੇ ਸ਼ਗਨਾਂ ਦੇ ਕੰਮਾਂ ਨੂੰ ਸ਼ੁਰੂ ਕੀਤਾ ਜਾਂਦਾ ਹੈ । ਮੁਟਿਆਰਾਂ, ਭਰਜਾਈਆਂ, ਬੁੱਢੀਆਂ, ਨੱਢੀਆਂ ਸਭ ਗਿੱਧੇ ਵਿਚ ਭਾਗ ਲੈਂਦੀਆਂ ਹੋਈਆਂ ਨਚਦੀਆਂ ਹਨ । ਵਿਆਹ ਦੇ ਦਿਨ ਨਾਨਕਿਆਂ ਤੇ ਦਾਦਕਿਆਂ ਦੀ ਨੋਕ-ਝੋਕ ਖ਼ੂਬ ਰੰਗ ਬੰਨ੍ਹਦੀ ਹੈ—

ਅਸੀਂ ਹਾਜ਼ਰ ਖੜੀਆਂ ਨੀ, ਜੀਤੋ ਤੇਰੀਆਂ ਨਾਨਕੀਆਂ ।
ਸਭ ਉੱਧਲ ਗਈਆਂ ਨੀ, ਜੀਤੋ ਤੇਰੀਆਂ ਦਾਦਕੀਆਂ ।

ਜੰਞ ਦੇ ਢੁੱਕਣ ਤੇ ਨਿੱਕੀਆਂ-ਵੱਡੀਆਂ ਇਸਤਰੀਆਂ ਇਕੱਠੀਆਂ ਹੋ ਕੇ ਜਾਂਞੀਆਂ ਨੂੰ ਸਿੱਠਣੀਆਂ ਦੇਣ ਲੱਗ ਪੈਂਦੀਆਂ ਹਨ—

ਥੋੜ੍ਹਾ ਥੋੜ੍ਹਾ ਖਾਇਓ ਜੀ,
ਤੇ ਗਲੀਆਂ ਨਾ ਤ੍ਰਕਾਇਓ ਜੀ ।

ਹਾਸਿਆਂ, ਤਮਾਸ਼ਿਆਂ ਤੇ ਢੋਲ-ਢਮੱਕਿਆਂ ਨਾਲ ਲਾੜੀ ਨੂੰ ਤੋਰਨ ਦਾ ਸਮਾਂ ਆ ਜਾਂਦਾ ਹੈ ਤੇ ਇਸ ਸਮੇਂ ਸਭ ਹਾਸੇ-ਠੱਠੇ ਕਰੁਣਾਮਈ ਰੂਪ ਧਾਰ ਲੈਂਦੇ ਹਨ ।

ਕੁੜੀ ਹੁਣ ਨੂੰਹ ਬਣ ਕੇ ਸਹੁਰਿਆਂ ਦੇ ਘਰ ਵਸਣ ਲੱਗਦੀ ਹੈ । ਸਹੁਰੇ ਘਰ ਵਿਚ ਸੱਸ ਦੀਆਂ ਸਖ਼ਤੀਆਂ ਉਸ ਨੂੰ ਲੂਹ ਸੁੱਟਦੀਆਂ ਹਨ ਤੇ ਉਸ ਦਾ ਦਿਲ ਕੁਰਲਾ ਉੱਠਦਾ ਹੈ—

ਅੱਗੋਂ ਸੱਸ ਬਘਿਆੜੀ ਟੱਕਰੀ, ਮਾਪਿਆਂ ਨੇ ਰੱਖੀ ਲਾਡਲੀ ।

ਲੋਕ-ਗੀਤਾਂ ਵਿਚ ਪੰਜਾਬੀ ਲੋਕਾਂ ਦੀ ਆਰਥਿਕ ਹਾਲਤ ਦਾ ਵੀ ਸੋਹਣਾ ਨਿਰੂਪਣ ਹੋਇਆ ਹੈ; ਜਿਵੇਂ—

ਜੱਟ ਜੱਟੀ ਨੂੰ ਲੈਣ ਨਾ ਜਾਵੇ, ਡਰਦਾ ਕਬੀਲਦਾਰੀਓਂ ।

**ਲੋਕ-ਗੀਤਾਂ ਵਿਚ ਇਤਿਹਾਸ**—ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਦਾ ਜ਼ਿਕਰ ਵੀ ਲੋਕ-ਗੀਤਾਂ ਵਿਚ ਮਿਲਦਾ ਹੈ; ਜਿਵੇਂ—

(ੳ) ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ ।
(ਅ) ਦੇਹ ਚਰਖੇ ਨੂੰ ਗੇੜਾ, ਲੋੜ ਨਹੀਂ ਤੋਪਾਂ ਦੀ ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕ-ਗੀਤਾਂ ਵਿਚ ਪੰਜਾਬੀ ਜੀਵਨ ਦੇ ਸਾਰੇ ਵਿਸ਼ੇਸ਼ ਲੱਛਣ ਭਲੀ-ਭਾਂਤੀ ਉਜਾਗਰ ਹੋਏ ਹਨ । ਉਨ੍ਹਾਂ ਵਿਚ ਸਾਡੇ ਸਮਾਜਿਕ ਤੇ ਸਭਿਆਚਾਰਕ ਜੀਵਨ, ਆਰਥਿਕ ਹਾਲਤ ਤੇ ਇਤਿਹਾਸਿਕ ਘਟਨਾਵਾਂ ਦਾ ਬੜਾ ਸੁੰਦਰ ਚਿਤਰਨ ਮਿਲਦਾ ਹੈ । ਲੋਕ-ਗੀਤ ਸਾਹਿਤਕ ਪੱਖ ਤੋਂ ਵੀ ਬੜੀ ਮਹਾਨਤਾ ਰੱਖਦੇ ਹਨ ।

**ਪ੍ਰਸ਼ਨ 9. ਤੁਹਾਡੇ ਇਲਾਕੇ ਦੇ ਬੈਂਕ ਵਿੱਚ ਲੱਗਿਆ ਏ.ਟੀ.ਐੱਮ. ਜ਼ਿਆਦਾਤਰ ਖ਼ਰਾਬ ਹੀ ਰਹਿੰਦਾ ਹੈ, ਬਰਾਂਚ ਦੇ ਮੈਨੇਜਰ ਨੂੰ ਇਸ ਸਮੱਸਿਆ ਸੰਬੰਧੀ ਸ਼ਿਕਾਇਤ-ਪੱਤਰ ਲਿਖੋ।**

(ਇਲਾਕੇ ਵਿੱਚ ਕੇਵਲ ਇੱਕੋਂ ਈ.ਟੀ.ਐੱਮ....... ਏ.ਟੀ.ਐੱਮ. ਦਾ ਅਕਸਰ ਖ਼ਰਾਬ ਰਹਿਣਾ ............ ਏ.ਟੀ.ਐੱਮ. ਦੇ ਬਾਹਰ ਬਹੁਤ ਭੀੜ ਰਹਿਣਾ ........ ਤਕਨੀਕੀ ਨੁਕਸ ਲੋਕਾਂ ਲਈ ਸਿਰਦਰਦੀ .......... ਲੋਕਾਂ ਦੇ ਕੀਮਤੀ ਸਮੇਂ ਦੀ ਬਰਬਾਦੀ ............ ਪੈਸੇ ਕਢਵਾਉਣ ਲਈ ਦੂਰ ਜਾਣ ਦੀ ਖੱਜਲ-ਖ਼ੁਆਰੀ ...... ਏ.ਟੀ.ਐੱਮ. ਨੂੰ ਤੁਰੰਤ ਠੀਕ ਕਰਵਾਉਣ ਜਾਂ ਨਵਾਂ ਲਗਵਾਉਣ ਲਈ ਬੇਨਤੀ .............)

**ਉੱਤਰ—** 2113 ਰਾਏਕੋਟ ਰੋਡ,
ਰੂਮੀ
ਜ਼ਿਲ੍ਹਾ ਲੁਧਿਆਣਾ ।
18 ਫਰਵਰੀ, 20......

ਮੈਨੇਜਰ ਸਾਹਿਬ,
ਸਟੇਟ ਬੈਂਕ ਆਫ਼ ਇੰਡੀਆ,
ਜਗਰਾਉਂ,
ਜ਼ਿਲ੍ਹਾ ਲੁਧਿਆਣਾ ।

**ਵਿਸ਼ਾ**—ਖ਼ਰਾਬ ਏ.ਟੀ.ਐੱਮ. ਬਾਰੇ

ਸ੍ਰੀਮਾਨ ਜੀ,

ਬੇਨਤੀ ਹੈ ਕਿ ਬੱਸ ਸਟੈਂਡ, ਰੂਮੀ ਵਿਖੇ ਸਥਿਤ ਆਪ ਦੇ ਬੈਂਕ ਦਾ ਏ.ਟੀ.ਐੱਮ. ਆਮ ਕਰਕੇ ਖ਼ਰਾਬ ਹੀ ਰਹਿੰਦਾ ਹੈ, ਜਿਸ ਕਰਕੇ ਇਸ ਵਿਚੋਂ ਪੈਸੇ ਕਢਵਾਉਣ ਲਈ ਆਏ ਗਾਹਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ । ਕਈ ਵਾਰ ਇਹ ਵਾਰ-ਵਾਰ ਕੋਸ਼ਿਸ਼ ਕਰਨ ਉੱਤੇ ਡੈਬਿਟ ਕਾਰਡ ਨੂੰ ਮਨਜ਼ੂਰ ਨਹੀਂ ਕਰਦਾ ਤੇ ਕਈ ਵਾਰੀ ਇਹ ਪਾਸ-ਵਰਡ ਤੇ ਰਕਮ ਸੰਬੰਧੀ ਵੇਰਵਾ ਦਰਜ ਕਰਨ ਮਗਰੋਂ ਸੁੱਤਾ ਹੀ ਰਹਿੰਦਾ ਹੈ । ਇਸ ਨਾਲ ਇਕ ਤਾਂ ਗਾਹਕ ਭੰਬਲਭੂਸੇ ਵਿਚ ਪੈ ਜਾਂਦਾ ਹੈ ਕਿ ਉਹ ਕੀ ਕਰੇ ਤੇ ਕੀ ਨਾ ਕਰੇ, ਦੂਸਰਾ ਉਸ ਤੋਂ ਪਿੱਛੋਂ ਵਾਰੀ ਲੈਣ ਵਾਲਿਆਂ ਦੀ ਲੰਮੀ ਕਤਾਰ ਲਗ ਜਾਂਦੀ ਹੈ ਤੇ ਉਹ ਕਾਹਲੇ ਪਏ ਏ.ਟੀ.ਐੱਮ. ਵਰਤ ਰਹੇ ਆਦਮੀ ਨੂੰ ਕੋਸਦੇ ਹਨ ਕਿ ਉਹ ਏ.ਟੀ.ਐੱਮ ਨੂੰ ਕਿਉਂ ਚਿੰਬੜਿਆ ਹੋਇਆ ਹੈ । ਅੱਜ ਮੇਰੇ ਨਾਲ ਇਹ ਹੋਇਆ ਹੈ ਕਿ ਇਸ ਏ.ਟੀ. ਐੱਮ ਨੇ ਮੇਰੇ ਵਲੋਂ ਦਰਜ ਕੀਤੀ ਰਕਮ ਤੋਂ 500 ਰੁਪਏ ਵੱਧ ਦੇ ਦਿੱਤੇ, ਪਰ ਰਸੀਦ ਠੀਕ ਨਹੀਂ ਦਿੱਤੀ । ਇਸ ਮਸ਼ੀਨ ਦਾ ਅਜਿਹਾ ਕਾਰਜ ਬਹੁਤ ਹੀ ਪਰੇਸ਼ਾਨੀ ਭਰਿਆ ਹੈ । ਕਿਰਪਾ ਕਰਕੇ ਇਸ ਨੂੰ ਤੁਰੰਤ ਠੀਕ ਕਰਵਾਇਆ ਜਾਵੇ ਤੇ ਲੋਕਾਂ ਦਾ ਇਸ ਵਿਚ ਵਿਸ਼ਵਾਸ਼ ਬਹਾਲ ਕੀਤਾ ਜਾਵੇ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਹਰਦੀਪ ਸਿੰਘ,
ਪਿੰਡ ਤੇ ਡਾਕ ਚੀਮਾ,
ਜ਼ਿਲ੍ਹਾ ਲੁਧਿਆਣਾ ।
ਮੋਬਾਈਲ .........।

***ਜਾਂ***

**ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ।**

(ਬੋਰਡ ਵੱਲੋਂ ਨਤੀਜੇ ਦਾ ਐਲਾਨ ....... ਅਖ਼ਬਾਰ ਵਿੱਚ ਤਸਵੀਰ ਵੇਖਣਾ .... ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ ....... ਬਹੁਤ ਖ਼ੁਸ਼ ਹੋਣਾ

HOLY FAITH INTERNATIONAL (P) LTD.

........ ਖ਼ੁਸ਼ੀ ਨੂੰ ਸਾਥੀਆਂ ਨਾਲ ਸਾਂਝੀ ਕਰਨਾ ..........ਮਾਤਾ-ਪਿਤਾ ਨੂੰ ਵੀ ਵਧਾਈ .....ਉੱਜਲ ਭਵਿੱਖ ਦੀ ਕਾਮਨਾ ..........)

**1 × 6 = 6**

**ਉੱਤਰ–**

ਪ੍ਰੀਖਿਆ ਭਵਨ,
19 ਜੂਨ, 20...

ਪਿਆਰੇ ਨਰੇਸ਼,

ਨਮਸਤੇ ।

ਅੱਜ ਹੀ ਪਿਤਾ ਜੀ ਦੀ ਚਿੱਠੀ ਮਿਲੀ, ਜਿਸ ਵਿਚੋਂ ਇਹ ਪੜ੍ਹ ਕੇ ਬਹੁਤ ਹੀ ਖ਼ੁਸ਼ੀ ਹੋਈ ਕਿ ਤੂੰ ਦਸਵੀਂ ਵਿਚੋਂ ਜ਼ਿਲ੍ਹੇ ਭਰ ਵਿਚੋਂ ਫ਼ਸਟ ਰਹਿ ਕੇ ਪਾਸ ਹੋਇਆ ਹੈਂ । ਅਖ਼ਬਾਰ ਵਿਚ ਛਪੀ ਮੈਰਿਟ ਲਿਸਟ ਵਿਚ ਸੱਤਵਾਂ ਨੰਬਰ ਹੈ । ਇਹ ਜਾਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ ਹੈ, ਇਸੇ ਕਰਕੇ ਖ਼ਬਰ ਮਿਲਦਿਆਂ ਹੀ ਮੈਂ ਤੈਨੂੰ ਚਿੱਠੀ ਲਿਖ ਰਿਹਾ ਹਾਂ । ਮੈਨੂੰ ਆਪਣੀ ਖ਼ੁਸ਼ੀ ਪ੍ਰਗਟ ਕਰਨ ਲਈ ਸ਼ਬਦ ਨਹੀਂ ਮਿਲਦੇ । ਸਾਡੇ ਘਰ ਦੇ ਸਾਰੇ ਮੈਂਬਰਾਂ ਨੂੰ ਤੇਰੀ ਇਸ ਸ਼ਾਨਦਾਰ ਸਫਲਤਾ ਉੱਤੇ ਬਹੁਤ ਹੀ ਖ਼ੁਸ਼ੀ ਹੋਈ ਹੈ ।

ਆਪ ਦੇ ਮਾਤਾ-ਪਿਤਾ ਨੂੰ ਸਾਡੇ ਵਲੋਂ ਬਹੁਤ-ਬਹੁਤ ਵਧਾਈ ਦੇਣੀ । ਮੈਂ ਉਨ੍ਹਾਂ ਦੀ ਖ਼ੁਸ਼ੀ ਦੀ ਸ਼ਾਇਦ ਕਲਪਨਾ ਵੀ ਨਹੀਂ ਕਰ ਸਕਦਾ ।

ਮੈਨੂੰ ਲਿਖ ਕਿ ਤੂੰ ਆਪਣੀ ਸਫਲਤਾ ਦੀ ਪਾਰਟੀ ਕਦੋਂ ਦੇ ਰਿਹਾ ਹੈਂ ? ਮੇਰੇ ਕੋਲ ਕਦੋਂ ਆ ਰਿਹਾ ਹੈਂ । ਮੈਂ ਹਰ ਵੇਲੇ ਤੇਰੀ ਉਡੀਕ ਕਰਦਾ ਹਾਂ ।

ਮੇਰਾ ਖ਼ਿਆਲ ਹੈ ਕਿ ਜੇ ਤੂੰ ਅੱਗੋਂ ਮੈਡੀਕਲ ਲੈ ਲਵੇਂ, ਤਾਂ ਚੰਗਾ ਹੈ । ਇਸ ਸੰਬੰਧੀ ਆਪਣੇ ਮਾਤਾ-ਪਿਤਾ ਅਤੇ ਵੱਡੇ ਵੀਰ ਦੀ ਸਲਾਹ ਵੀ ਲੈਣੀ । ਆਪ ਦੇ ਮਾਤਾ-ਪਿਤਾ ਨੂੰ ਮੇਰੇ ਵਲੋਂ ਨਮਸਕਾਰ ।

ਆਪ ਦਾ ਮਿੱਤਰ,
ਰੋਲ ਨੰ:.......।

ਟਿਕਟ

ਨਰੇਸ਼ ਕੁਮਾਰ,
10, ਢਿਲਵਾਂ ਰੋਡ,
ਕਪੂਰਥਲਾ ।

**ਪ੍ਰਸ਼ਨ 10.** ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ : **1 × 4 = 4**




**ਨੋਟ** : ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ–

ਤੁਹਾਡੇ ਸਕੂਲ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।

**ਉੱਤਰ**–ਇਹ ਕਿਸੇ ਪੱਛਮੀ ਦੇਸ਼ ਦੇ ਸਕੂਲ ਦਾ ਬਾਹਰਲਾ ਦ੍ਰਿਸ਼ ਹੈ। ਸਕੂਲ ਦੇ ਸਾਹਮਣਿਓਂ ਇਕ ਸੜਕ ਲੰਘਦੀ ਹੈ। ਸਵੇਰ ਵੇਲੇ ਵਿਦਿਆਰਥੀ ਬਸਤੇ ਚੁੱਕੀ ਸਕੂਲ ਨੂੰ ਆ ਰਹੇ ਹਨ। ਸੜਕ ਨੂੰ ਪਾਰ ਕਰ ਕੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਲਈ ਜ਼ੈਬਰਾ ਕਰਾਸਿੰਗ ਦੇ ਨਿਸ਼ਾਨ ਲੱਗੇ ਹੋਏ ਹਨ, ਜਿਸ ਕਰਕੇ ਕਾਰ ਰੁਕੀ ਖੜੀ ਹੈ। ਜ਼ੈਬਰਾ ਕਰਾਸ ਦੇ ਕੋਲ ਸੜਕ ਦੇ ਕੰਢੇ Yield ਦਾ ਸਾਈਨ ਲਗਾ ਹੋਇਆ, ਜਿਸ ਕਰਕੇ ਵਾਹਨ ਜਰਾ ਰੁਕ ਕੇ ਤੇ ਰਾਹ ਖਾਲੀ ਦੇਖ ਕੇ ਹੀ ਅੱਗੇ ਲੰਘ ਸਕਦੇ ਹਨ। ਇਕ ਸਿਪਾਹੀ ਹੱਥ ਵਿੱਚ Stop ਸਾਈਨ ਫੜ ਕੇ ਵਾਹਨਾਂ ਨੂੰ ਰੋਕ ਰਿਹਾ ਹੈ। ਵਿਦਿਆਰਥੀ ਸੜਕ ਪਾਰ ਕਰ ਰਹੇ ਹਨ। ਇਕ ਵਿਦਿਆਰਥੀ ਸਾਈਕਲ ਉੱਤੇ ਵੀ ਆ ਰਿਹਾ ਹੈ। ਸਕੂਲ ਦੀ ਇਮਾਰਤ ਕਾਫੀ ਵੱਡੀ ਹੈ। ਸਾਹਮਣੇ ਕੁੱਝ ਘਰ ਅਤੇ ਰੁੱਖ ਵੀ ਦਿਖਾਈ ਦੇ ਰਹੇ ਹਨ।

**ਭਾਗ-IV : ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ (Part-IV : Text Books based questions)**

**5 + 5 + 4 + 14 + 8 + 4 = 40**

**ਪ੍ਰਸ਼ਨ 11. ਕਹਾਣੀ ਤੇ ਵਾਰਤਕ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) : **5 × 1 = 5**

***(i)* 'ਘਰ ਦਾ ਪਿਆਰ' ਲੇਖ ਅਨੁਸਾਰ ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਕੀ ਪੈਦਾ ਹੋ ਜਾਂਦਾ ਹੈ ?**

(A) ਜ਼ੁੰਮੇਵਾਰੀ ਵਾਲਾ ਵਤੀਰਾ
(B) ਗ਼ੈਰ-ਜ਼ੁੰਮੇਵਾਰੀ ਵਾਲਾ ਵਤੀਰਾ
(C) ਸਮਾਜ ਪ੍ਰਤੀ ਜ਼ੁੰਮੇਵਾਰੀ
(D) ਡਰ।

**ਉੱਤਰ**–(B) ਗ਼ੈਰ-ਜ਼ੁੰਮੇਵਾਰੀ ਵਾਲਾ ਵਤੀਰਾ ।

***(ii)* 'ਬਾਬੇ ਪੁਨੂੰ' ਨੂੰ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸ ਨੇ ਬੇਨਤੀ ਕੀਤੀ ?**

(A) ਲੇਖਕ ਨੇ
(B) ਬਾਬਿਆਂ ਦੀ ਭੈਣ ਨੇ
(C) ਚੌਧਰੀ ਚੜ੍ਹਤ ਸਿੰਘ ਨੇ
(D) ਮੰਗਲ ਸਿੰਘ ਨੇ।

**ਉੱਤਰ**–(C) ਚੌਧਰੀ ਚੜ੍ਹਤ ਸਿੰਘ ਨੇ ।

***(iii)* 'ਬੋਲੀ' ਲੇਖ ਵਿੱਚ ਲੇਖਕ ਨੇ ਬੋਲੀ ਨੂੰ ਕੀ ਆਖਿਆ ਹੈ ?**

(A) ਮਹਿੰਗੀ ਤੇ ਪਿਆਰੀ ਵਿਰਾਸਤ
(B) ਸੋਨੇ ਦਾ ਗਹਿਣਾ
(C) ਚਾਂਦੀ ਦਾ ਗਹਿਣਾ
(D) ਇਹਨਾਂ ਵਿੱਚੋਂ ਕੋਈ ਵੀ ਨਹੀਂ।

**ਉੱਤਰ**–(A) ਮਹਿੰਗੀ ਤੇ ਪਿਆਰੀ ਵਿਰਾਸਤ ।

***(iv)* 'ਧਰਤੀ ਹੇਠਲਾ ਬਲ੍ਹਦ' ਕਹਾਣੀ ਦੇ ਲੇਖਕ ਦਾ ਨਾਮ ਦੱਸੋ।**

(A) ਕੁਲਵੰਤ ਸਿੰਘ ਵਿਰਕ
(B) ਗੁਰਬਖ਼ਸ਼ ਸਿੰਘ ਪ੍ਰੀਤਲੜੀ
(C) ਵਰਿਆਮ ਸਿੰਘ ਸੰਧੂ
(D) ਸੁਜਾਨ ਸਿੰਘ।

**ਉੱਤਰ**–(A) ਕੁਲਵੰਤ ਸਿੰਘ ਵਿਰਕ ।

***(v)* 'ਕੁਲਫ਼ੀ' ਕਹਾਣੀ ਵਿੱਚ ਕਾਕੇ ਅਨੁਸਾਰ ਟਕੇ ਦਾ ਕੀ ਆਉਂਦਾ ਹੈ ?**

(A) ਕੁਲਫ਼ੀ (B) ਲੱਕੜਾਂ
(C) ਮੁਰਮੁਰਾ (D) ਪਕੌੜੇ।

**ਉੱਤਰ**–(C) ਮੁਰਮੁਰਾ ।

HOLY FAITH INTERNATIONAL (P) LTD.

***(vi)*** **'ਅੰਗ-ਸੰਗ' ਕਹਾਣੀ ਵਿੱਚ ਮਹਿੰਦਰ ਸਿੰਘ ਕੌਣ ਹੈ ?**

(A) ਅਮਰੀਕ ਸਿੰਘ ਦਾ ਭਰਾ

(B) ਕਰਮ ਸਿੰਘ ਦਾ ਭਰਾ

(C) ਮੱਖਣ ਸਿੰਘ ਦਾ ਭਰਾ

(D) ਕਰਮ ਸਿੰਘ ਦਾ ਭਰਾ।

**ਉੱਤਰ**—(A) ਅਮਰੀਕ ਸਿੰਘ ਦਾ ਭਰਾ ।

**ਪ੍ਰਸ਼ਨ 12. ਕਵਿਤਾ ਤੇ ਇਕਾਂਗੀ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) : **5 × 1 = 5**

***(i)*** **'ਜੰਗ ਦਾ ਹਾਲ' ਰਚਨਾ ਦੇ ਰਚਨਾਕਾਰ ਕੌਣ ਹਨ ?**

(A) ਭਾਈ ਗੁਰਦਾਸ ਜੀ

(B) ਸ: ਗੁਰਬਖ਼ਸ਼ ਸਿੰਘ

(C) ਡਾ: ਬਲਬੀਰ ਸਿੰਘ

(D) ਸ਼ਾਹ ਮੁਹੰਮਦ।

**ਉੱਤਰ**—(D) ਸ਼ਾਹ ਮੁਹੰਮਦ।

***(ii)*** **'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਗੁਰੂ ਸਾਹਿਬ ਨੇ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?**

(A) ਮਨੁੱਖ ਦੀ

(B) ਪਤੀ ਦੀ

(C) ਪਰਮਾਤਮਾ ਦੀ

(D) ਉਪਰੋਕਤ ਵਿੱਚੋਂ ਕੋਈ ਨਹੀਂ।

**ਉੱਤਰ**—(C) ਪਰਮਾਤਮਾ ਦੀ ।

***(iii)*** **'ਕਿਰਪਾ ਕਰਿ ਕੈ ਬਖਸਿ ਲੈਹੁ' ਬਾਣੀ ਵਿਚ 'ਕਿਲਵਿਖ' ਸ਼ਬਦ ਦਾ ਕੀ ਅਰਥ ਹੈ ?**

(A) ਪਾਪ (B) ਭੁੱਲ

(C) ਪੁੰਨ (D) ਭਲਾਈ।

**ਉੱਤਰ**—(A) ਪਾਪ ।

***(iv)*** **'ਜ਼ਫ਼ਰਨਾਮਾ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ ?**

(A) ਪਾਂਧੀ ਨਨਕਾਣਵੀ (B) ਸੰਤ ਸਿੰਘ ਸੇਖੋਂ

(C) ਡਾ: ਹਰਚਰਨ ਸਿੰਘ (D) ਪਾਲੀ ਭੁਪਿੰਦਰ।

**ਉੱਤਰ**—(C) ਡਾ: ਹਰਚਰਨ ਸਿੰਘ।

***(v)*** **'ਦੂਜਾ ਵਿਆਹ' ਇਕਾਂਗੀ ਵਿੱਚ 'ਨਿਹਾਲ ਕੌਰ' ਕੌਣ ਹੈ ?**

(A) ਸੁਖਦੇਵ ਸਿੰਘ ਦੀ ਮਾਂ

(B) ਮਨਜੀਤ ਦੀ ਸੱਸ

(C) ਸੁਖਦੇਵ ਕੌਰ ਦੀ ਮਾਂ

(D) ਉਪਰੋਕਤ ਸਾਰੇ ਹੀ ਠੀਕ ਹਨ।

**ਉੱਤਰ**—(D) ਉਪਰੋਕਤ ਸਾਰੇ ਹੀ ਠੀਕ ਹਨ।

***(vi)*** **ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?**

(A) ਗੁਰੂ ਅਰਜਨ ਦੇਵ ਜੀ

(B) ਗੁਰੂ ਹਰਿਗੋਬਿੰਦ ਸਾਹਿਬ ਜੀ

(C) ਗੁਰੂ ਤੇਗ਼ ਬਹਾਦਰ ਜੀ

(D) ਗੁਰੂ ਗੋਬਿੰਦ ਸਿੰਘ ਜੀ।

**ਉੱਤਰ**—(D) ਗੁਰੂ ਗੋਬਿੰਦ ਸਿੰਘ ਜੀ।

**ਪ੍ਰਸ਼ਨ 13. ਕਹਾਣੀ ਤੇ ਵਾਰਤਕ ਵਿੱਚੋਂ** (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : **4 × 1 = 4**

*(i)* 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ 'ਲਟੈਣ' ਸ਼ਬਦ ਦਾ ਕੀ ਅਰਥ ਹੈ ?

*(ii)* ਬੋਲੀ ਦਾ ਖ਼ਜ਼ਾਨਾ ਕਿਹੜੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ ?

*(iii)* 'ਘਰ ਦਾ ਪਿਆਰ' ਲੇਖ ਅਨੁਸਾਰ ਧਰਮ ਘਰਾਂ ਵਿੱਚੋਂ ਨਿਕਲ ਕੇ ਕਿੱਥੇ ਆ ਗਿਆ ਹੈ ?

*(iv)* ਕਾਕਾ ਨੇ ਸ਼ਾਹ ਜੀ ਦੇ ਮੁੰਡੇ ਤੋਂ ਕੀ ਖੋਹਿਆ ?

*(v)* ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

**ਉੱਤਰ**—*(i)* ਵੱਡਾ ਅਣਘੜਤ ਸ਼ਤੀਰ, *(ii)* ਬਚਪਨ ਦੇ, *(iii)* ਬਜ਼ਾਰਾਂ ਵਿਚ, *(iv)* ਕੁਲਫ਼ੀ, *(v)* ਠੱਠੀਖ਼ਾਰਾ।

**ਪ੍ਰਸ਼ਨ 14. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ** (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : **7 × 2 = 14**

***(i)*** **'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਮਾਤਾ ਨਾਲ ਮਿਲਾਪ ਦਾ ਕਿਹੋ-ਜਿਹਾ ਪੇਸ਼ ਦ੍ਰਿਸ਼ ਕੀਤਾ ਹੈ ?**

**ਉੱਤਰ**—ਗੁਰੂ ਨਾਨਕ ਦੇਵ ਜੀ ਪਰਦੇਸ ਯਾਤਰਾ ਕਰਨ ਮਗਰੋਂ ਵਾਪਸ ਤਲਵੰਡੀ ਪਰਤੇ, ਪਰ ਉਹ ਘਰ ਜਾਣ ਦੀ ਥਾਂ ਪਿੰਡੋਂ ਬਾਹਰ ਇਕ ਖੂਹ ਉੱਤੇ ਬੈਠ ਗਏ । ਮਰਦਾਨਾ ਮਾਤਾ ਤ੍ਰਿਪਤਾ ਕੋਲ ਪੁੱਜਾ ਤੇ ਘਰ ਦਾ ਹਾਲ-ਚਾਲ ਪੁੱਛ ਕੇ ਵਾਪਸ ਮੁੜ ਪਿਆ । ਇਸ ਸਮੇਂ ਮਾਤਾ ਜੀ ਵੀ ਉਸ ਦੇ ਮਗਰ-ਮਗਰ ਉੱਥੇ ਜਾ ਪੁੱਜੇ, ਜਿੱਥੇ ਗੁਰੂ ਜੀ ਬੈਠੇ ਸਨ । ਉਹ ਪੁੱਤਰ ਨੂੰ ਦੇਖ ਕੇ ਬਿਹਬਲ ਹੋ ਗਏ ਤੇ ਉਸ ਵੇਲੇ ਉਨ੍ਹਾਂ ਦੇ ਮੂੰਹੋਂ ਜੋ ਮਮਤਾ ਭਰੇ ਸ਼ਬਦ ਨਿਕਲੇ, ਉਹ ਇਸ ਦ੍ਰਿਸ਼ ਨੂੰ ਬੜਾ ਕਰੁਣਾਮਈ ਤੇ ਰੋਮਾਂਚਕਾਰੀ ਬਣਾ ਦਿੰਦੇ ਹਨ ।

***(ii)*** **ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਕਿਉਂ ਕਰਦਾ ਹੈ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ।**

**ਉੱਤਰ**—ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਇਹ ਸਪੱਸ਼ਟ ਕਰਨ ਲਈ ਕਰਦਾ ਹੈ ਕਿ ਪਹਿਲੇ ਸੰਸਾਰ ਜੰਗ ਤੋਂ ਮਗਰੋਂ ਕਿਸ ਤਰ੍ਹਾਂ ਤੇਜ਼ੀ ਨਾਲ ਮਹਿੰਗਾਈ ਵਧੀ ਸੀ । ਪੜ੍ਹੇ-ਲਿਖੇ ਲੋਕਾਂ ਦੀ ਤਨਖ਼ਾਹ ਜਾਂ ਆਮਦਨ ਜੰਗ ਤੋਂ ਪਹਿਲਾਂ ਦੇ ਘੱਟ ਪੜ੍ਹੇ ਜਾਂ ਅਨਪੜ੍ਹ ਲੋਕਾਂ ਨਾਲੋਂ ਘੱਟ ਸੀ । ਇਸ ਤਰ੍ਹਾਂ ਲੋਕਾਂ ਦਾ ਗੁਜ਼ਾਰਾ ਬਹੁਤ ਔਖਾ ਹੋ ਗਿਆ ਸੀ । ਇਸ ਦਾ ਕਾਰਨ ਉਹ ਇਹ ਸਮਝਦਾ ਹੈ ਕਿ ਦੇਸ਼ ਦੀ ਆਰਥਿਕਤਾ ਉੱਤੇ ਧਨ-ਕੁਬੇਰਾਂ ਦਾ ਕਬਜ਼ਾ ਹੋ ਚੁੱਕਾ ਸੀ ।

***(iii)*** **ਕੀ ਕਰਮ ਸਿੰਘ ਦੇ ਬਾਪੂ ਦਾ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦੀ ਗੱਲ ਛੁਪਾਉਣਾ ਠੀਕ ਹੈ ?ਆਪਣੇ ਵਿਚਾਰ ਪ੍ਰਗਟ ਕਰੋ।**

**ਉੱਤਰ**—ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੇ ਲੜਾਈ ਵਿਚ ਮਾਰੇ ਜਾਣ ਦੀ ਖ਼ਬਰ ਛੁਪਾਉਣ ਦਾ ਯਤਨ ਕੀਤਾ ਤੇ ਇਹ ਇਸ ਕਰਕੇ ਕੀਤਾ, ਕਿਉਂਕਿ ਉਸਨੂੰ ਪਤਾ ਸੀ ਕਿ ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ ਤੇ ਉਹ ਮਾਨ ਸਿੰਘ ਨੂੰ ਉਸ ਦੇ ਦੋਸਤ ਦੀ ਉਸ ਦੇ ਛੁੱਟੀ ਆਉਣ ਤੋਂ ਮਗਰੋਂ ਮਾਰੇ ਜਾਣ ਦੀ ਖ਼ਬਰ ਦੇ ਕੇ ਜਾਂ ਰੋ-ਕੁਰਲਾ ਕੇ ਉਸ ਦੀ ਛੁੱਟੀ ਦਾ ਸੁਆਦ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ । ਉਹ ਸਮਝਦਾ ਸੀ ਕਿ ਉਹ ਖ਼ੁਸ਼ੀ-ਖ਼ੁਸ਼ੀ ਛੁੱਟੀ ਗੁਜ਼ਾਰ ਕੇ ਜਾਵੇ, ਕਰਮ ਸਿੰਘ ਦੀ ਮੌਤ ਦੀ ਖ਼ਬਰ ਤਾਂ ਉਸ ਨੂੰ ਵਾਪਸ ਫ਼ੌਜ ਵਿੱਚ ਜਾ ਕੇ ਪਤਾ ਲੱਗ ਹੀ ਜਾਵੇਗੀ ।

***(iv)*** **ਕੀ ਮਨਜੀਤ ਦੀ ਸੱਸ ਨਿਹਾਲ ਕੌਰ ਦੀ ਸੋਚ ਉਸ ਦੇ ਸਮੇਂ ਮੁਤਾਬਕ ਸਹੀ ਹੈ ? ਆਪਣੇ ਉੱਤਰ ਦੇ ਹੱਕ ਵਿੱਚ ਇਕਾਂਗੀ ਦੇ ਆਧਾਰ 'ਤੇ ਦਲੀਲ ਦਿਓ।**

HOLY FAITH INTERNATIONAL (P) LTD.

**ਉੱਤਰ**—ਮਨਜੀਤ ਕੌਰ ਦੀ ਸੱਸ ਨਿਹਾਲ ਕੌਰ ਪੁਰਾਣੇ ਜ਼ਮਾਨੇ ਦੀ ਅਨਪੜ੍ਹ ਇਸਤਰੀ ਹੈ। ਅਜਿਹੀਆਂ ਸੱਸਾਂ ਆਪਣੀਆਂ ਨੂੰਹਾਂ ਨੂੰ ਆਮ ਕਰਕੇ ਦਬਾ ਕੇ ਰੱਖਣ ਦਾ ਯਤਨ ਕਰਦੀਆਂ ਹਨ ਤੇ ਸਾਰਾ ਦਿਨ ਕਿਸੇ ਨਾ ਕਿਸੇ ਗੱਲ ਨੂੰ ਫੜ ਕੇ ਨੂੰਹਾਂ ਦੀ ਝਾੜ-ਝੰਬ ਕਰਦੀਆਂ ਤੇ ਤਰ੍ਹਾਂ-ਤਰ੍ਹਾਂ ਦੇ ਡਰਾਵੇ ਦਿੰਦੀਆਂ ਰਹਿੰਦੀਆਂ ਹਨ। ਬੇਸ਼ਕ ਨਿਹਾਲ ਕੌਰ ਦੇ ਪਤੀ ਨੇ ਉਸ ਨਾਲ ਬੁਰਾ ਸਲੂਕ ਕੀਤਾ ਹੋਵੇ, ਪਰ ਉਸਦੇ ਘਰ ਆਈ ਨੂੰਹ ਮਨਜੀਤ ਪੜ੍ਹੀ-ਲਿਖੀ ਕੁੜੀ ਹੈ ਤੇ ਉਸਦਾ ਪਤੀ ਵੀ ਪੜ੍ਹਿਆ-ਲਿਖਿਆ ਹੈ। ਹੁਣ ਨਿਹਾਲ ਕੌਰ ਜਿਸ ਜਮਾਨੇ ਵਿਚ ਵਿਚਰ ਰਹੀ ਹੈ, ਉਹ ਬਦਲ ਚੁੱਕਾ ਹੈ। ਉਸਨੂੰ ਬਦਲਣ ਦੀ ਲੋੜ ਸੀ। ਇਸ ਕਰਕੇ ਉਸਦਾ ਆਪਣੀ ਨੂੰਹ ਨਾਲ ਰਵੱਈਆ ਉਸਨੂੰ ਪੁੱਠਾ ਪੈਂਦਾ ਹੈ। ਇਸ ਕਰਕੇ ਉਸਦਾ ਨੂੰਹ ਨਾਲ ਵਤੀਰਾ ਉਸਦੇ ਸਮੇਂ ਮੁਤਾਬਿਕ ਸਹੀ ਨਹੀਂ ਹੈ।

**(*v*) ਜ਼ਫ਼ਰਨਾਮਾ ਇਕਾਂਗੀ ਵਿੱਚ ਕਿਹੜੇ-ਕਿਹੜੇ ਪਾਤਰ ਹਨ ?**

**ਉੱਤਰ**—ਔਰੰਗਜ਼ੇਬ, ਜ਼ੀਨਤ-ਉਨ-ਨਿਸਾ, ਬੇਗ਼ਮ ਉਦੈਪੁਰੀ, ਅਸਦ ਖ਼ਾਨ ਤੇ ਸ਼ਾਹੀ ਹਕੀਮ ।

**(*vi*) ਮਨੁੱਖ ਦੀਆਂ ਸਰੀਰਿਕ ਸਮੱਸਿਆਵਾਂ ਕਿਉਂ ਵੱਧ ਗਈਆਂ ਹਨ ?**

**ਉੱਤਰ**—ਅੱਜ ਦਾ ਮਨੁੱਖ ਕਾਰਾਂ, ਗੱਡੀਆਂ ਅਤੇ ਬੱਸਾਂ ਉੱਤੇ ਸਵਾਰ ਹੋ ਗਿਆ ਹੈ ਅਤੇ ਤੁਰਨ ਦੇ ਜਿਹੜੇ ਕੁੱਝ ਮੌਕੇ ਮਿਲਦੇ ਹਨ, ਉਹ ਉਨ੍ਹਾਂ ਦਾ ਵੀ ਲਾਭ ਨਹੀਂ ਉਠਾਉਂਦਾ । ਇਸ ਕਰਕੇ ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਵਧ ਗਈਆਂ ਹਨ । ਇਨ੍ਹਾਂ ਦਾ ਹੱਲ ਕੇਵਲ ਤੁਰਨਾ ਹੈ । ਜੇਕਰ ਉਸ ਨੂੰ ਭੁੱਖ ਨਹੀਂ ਲਗਦੀ ਜਾਂ ਦਿਲ ਉਦਾਸ ਹੈ, ਤਾਂ ਉਸ ਨੂੰ ਤੁਰਨਾ ਚਾਹੀਦਾ ਹੈ । ਤੁਰਨ ਨਾਲ ਪੰਜਾਂ ਮਿੰਟਾਂ ਵਿਚ ਸਰੀਰ ਵਿਚ ਤਬਦੀਲੀ ਮਹਿਸੂਸ ਹੋਣ ਲਗਦੀ ਹੈ।

**(*vii*) ਕਾਰਲਾਈਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ-ਜਿਹਾ ਸੀ ?**

**ਉੱਤਰ**—ਕਾਰਲਾਈਲ ਅਸਲ ਵਿਚ ਆਪਣੇ ਕਮਰੇ ਵਿੱਚ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ ਅਤੇ ਉਸ ਦੀ ਪਤਨੀ ਨਾਲ ਦੇ ਕਮਰੇ ਵਿਚ ਵੱਖ ਬੈਠੀ ਆਏ ਗਏ ਨਾਲ ਗੁੱਸੇ ਵਿਚ ਬੋਲਦੀ ਰਹਿੰਦੀ । ਜਦੋਂ ਕਦੀ ਉਹ ਹੌਂਸਲਾ ਕਰ ਕੇ ਪਤੀ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ, ਤਾਂ ਉਹ ਖਿਝ ਕੇ ਉਸ ਨੂੰ ਖਾਣ ਨੂੰ ਪੈਂਦਾ ਤੇ ਅੰਦਰੋਂ ਬਾਹਰ ਕੱਢ ਦਿੰਦਾ । ਇਸ ਦਾ ਕਾਰਨ ਉਸ ਦਾ ਆਪਣੀ ਪਤਨੀ ਨੂੰ ਪਿਆਰ ਨਾ ਕਰਨਾ ਸੀ । ਜੇਕਰ ਉਹ ਉਸ ਨੂੰ ਪਿਆਰ ਕਰਦਾ, ਤਾਂ ਉਹ ਇੰਨਾ ਸੜੂ ਤੇ ਖਿਝੂ ਨਾ ਹੁੰਦਾ ।

**(*viii*) ''ਬੋਲੀ ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ ਚੁਣਦੀ ਹੈ।'' ਇਸ ਵਾਕ ਦੀ ਪੁਸ਼ਟੀ ਕਰੋ।**

**ਉੱਤਰ**—ਠੀਕ ਹੀ ਬੋਲੀ ਜ਼ਿੰਦਗੀ ਦੀ ਅਮੀਰੀ ਵਿਚੋਂ ਆਪਣੇ ਲਫ਼ਜ਼ ਚੁਣਦੀ ਹੈ । ਬੋਲੀ ਵਿਚ ਸਮੋਇਆ ਹਰ ਇਕ ਸ਼ਬਦ ਕਿਸੇ ਤਜਰਬੇ ਦਾ ਹਿੱਸਾ ਅਤੇ ਹਰ ਇਕ ਤਜਰਬਾ ਕਿਸੇ ਅਕਲ ਦਾ ਹਿੱਸਾ ਹੁੰਦਾ ਹੈ । ਤਜਰਬਾ ਤੇ ਅਕਲ਼ ਹੀ ਜ਼ਿੰਦਗੀ ਦੀ ਅਮੀਰੀ ਹੈ, ਜਿਸ ਵਿਚੋਂ ਬੋਲੀ ਨੇ ਸ਼ਬਦ ਚੁਣੇ ਹੁੰਦੇ ਹਨ ਤੇ ਆਪਣੇ ਆਪ ਨੂੰ ਵੀ ਭਰਪੂਰ ਕੀਤਾ ਹੁੰਦਾ ਹੈ ।

**ਪ੍ਰਸ਼ਨ 15. ਕਵਿਤਾ ਤੇ ਵਾਰਤਕ ਵਿੱਚੋਂ** (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : **2 × 4 = 8**

**(*i*) ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ, ਚਾਨਣ ਹੋ ਜਾਣ ਅਤੇ ਤਾਰੇ ਛੁਪਣ ਤੋਂ ਕੀ ਭਾਵ ਹੈ ?**

**ਉੱਤਰ**—ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਖ਼ਤਮ ਹੋ ਜਾਣ, ਚਾਨਣ ਹੋ ਜਾਣ ਤੇ ਤਾਰੇ ਛੁਪਣ ਦਾ ਭਾਵ ਇਹ ਹੈ ਕਿ ਗੁਰੂ ਜੀ ਦੇ ਦੁਨੀਆ ਵਿਚ ਪ੍ਰਵੇਸ਼ ਹੋਣ ਨਾਲ ਰੂਹਾਨੀ ਗਿਆਨ ਦਾ ਅਜਿਹਾ ਚਾਨਣ ਫੈਲਿਆ ਕਿ ਇਸ ਸੰਬੰਧੀ ਪਾਖੰਡੀ ਲੋਕਾਂ ਦੀ ਫੈਲਾਈ ਅਗਿਆਨਤਾ ਦੀ ਸਾਰੀ ਧੁੰਦ ਖ਼ਤਮ ਹੋ ਗਈ ਤੇ ਇਸ ਨਾਲ ਲੋਕਾਂ ਨੂੰ ਆਪਣੇ ਮਗਰ ਲਾਉਣ ਵਾਲੇ ਧਰਮਾਂ ਦੇ ਸਾਰੇ ਨਿੱਕੇ-ਮੋਟੇ ਠੇਕੇਦਾਰਾਂ ਦਾ ਬੋਰੀਆ-ਬਿਸਤਰਾ ਗੋਲ ਹੋ ਗਿਆ।

***ਜਾਂ***

**(*ii*) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਮਨੁੱਖ ਪਰਮਾਤਮਾ ਨਾਲ ਕਿਹੜੇ-ਕਿਹੜੇ ਰਿਸ਼ਤਿਆਂ ਨਾਲ ਜੁੜਿਆ ਹੋਇਆ ਹੈ ?**

**ਉੱਤਰ**—ਗੁਰੂ ਜੀ ਦੀ ਇਸ ਰਚਨਾ ਅਨੁਸਾਰ ਮਨੁੱਖ ਪਰਮਾਤਮਾ ਨਾਲ ਮਾਤਾ-ਪਿਤਾ, ਭਰਾ ਤੇ ਹੋਰ ਸਭ ਤਰ੍ਹਾਂ ਦਾ ਸਾਕ-ਸੰਬੰਧੀ ਹੈ । ਉਸ ਬਿਨਾਂ ਮਨੁੱਖ ਦਾ ਹੋਰ ਕੋਈ ਵੀ ਨਹੀਂ। ਉਹ ਹੀ ਉਸਦਾ ਹਰ ਤਰ੍ਹਾਂ ਦਾ ਓਟ-ਆਸਰਾ ਹੈ।

**(*iii*) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?**

**ਉੱਤਰ**—ਤੁਰਨ ਨਾਲ ਮਨੁੱਖੀ ਸਰੀਰ ਅਰੋਗ ਰਹਿੰਦਾ ਹੈ । ਭੁੱਖ ਤੇਜ਼ ਹੁੰਦੀ ਹੈ । ਉਦਾਸੀ ਖ਼ਤਮ ਹੁੰਦੀ ਹੈ ਤੇ ਸ੍ਵੈ-ਵਿਸ਼ਵਾਸ ਉਪਜਦਾ ਹੈ । ਜਿਨ੍ਹਾਂ ਨੂੰ ਤੁਰਨ ਦੀ ਆਦਤ ਹੁੰਦੀ ਹੈ, ਉਨ੍ਹਾਂ ਨੂੰ ਕੋਈ ਬਿਮਾਰੀ ਨਹੀਂ ਲਗਦੀ ।

***ਜਾਂ***

**(*iv*) ਲੇਖਕ ਅਨੁਸਾਰ ਵੱਡੇ-ਵੱਡੇ ਕਥੱਕੜਾਂ ਦੀ ਜ਼ਿੰਦਗੀ ਕਿਹੀ ਜਿਹੋ ਹੁੰਦੀ ਹੈ ?**

**ਉੱਤਰ**—ਘਰ ਦੇ ਪਿਆਰ ਦੀ ।

**ਪ੍ਰਸ਼ਨ 16. ਇਕਾਂਗੀ ਵਿੱਚੋਂ** (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : **1 × 4 = 4**

**(*i*) ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ।**

**ਉੱਤਰ**—ਅਸ਼ੋਕ ਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਲੋਕਾਂ ਦਾ ਦਿਲ ਜਿੱਤ ਕੇ ਪੱਕੀਆਂ ਕੀਤੀਆਂ। ਉਹ ਸਾਰੇ ਲੋਕਾਂ ਨੂੰ ਇਹੋ ਜਿਹੇ ਸਮਝਦੇ ਹਨ। ਉਹ ਕਿਸੇ ਨਾਲ ਅਮੀਰੀ-ਗ਼ਰੀਬੀ, ਜਾਤ-ਪਾਤ ਤੇ ਧਰਮ ਦੇ ਆਧਾਰ ਤੇ ਧੱਕਾ ਨਹੀਂ ਸਨ ਕਰਦੇ, ਸਗੋਂ ਸਭ ਨਾਲ ਇੱਕੋ ਜਿਹਾ ਸਲੂਕ ਕਰਦੇ ਹਨ। ਸਭ ਨੂੰ ਬਰਾਬਰੀ ਦੇ ਆਧਾਰ 'ਤੇ ਨਿਆਂ ਮਿਲਦਾ ਸੀ, ਪਰੰਤੂ ਔਰੰਗਜ਼ੇਬ ਨੇ ਧਾਰਮਿਕ ਕੱਟੜਤਾ ਦੀ ਨੀਤੀ ਨੂੰ ਅਪਨਾਉਂਦੀਆਂ ਗੁਰੂ ਸਾਹਿਬਾਂ, ਉਨ੍ਹਾਂ ਦੇ ਬੱਚਿਆਂ ਤੇ ਸਿੱਖਾਂ ਉੱਤੇ ਜ਼ੁਲਮ ਢਾਹਿਆ ਹੈ। ਇਸੇ ਕਰਕੇ ਉਸ ਤੋਂ ਲੋਕ ਦੁਖੀ ਹਨ ਤੇ ਉਨ੍ਹਾਂ ਵਿਰੁੱਧ ਬਗ਼ਾਵਤਾਂ ਉੱਠ ਰਹੀਆਂ ਹਨ।

***ਜਾਂ***

**(*ii*) ਨਿਹਾਲ ਕੌਰ ਨੂੰ ਆਪਣੀ ਨੂੰਹ ਮਨਜੀਤ ਕੌਰ ਦੇ ਘੁੰਡ ਬਾਰੇ ਕੀ ਸ਼ਿਕਾਇਤ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ।**

**ਉੱਤਰ**—ਨਿਹਾਲ ਕੌਰ ਨੂੰ ਮਨਜੀਤ ਕੌਰ ਦੇ ਘੁੰਡ ਬਾਰੇ ਇਹ ਸ਼ਿਕਾਇਤ ਹੈ ਕਿ ਉਹ ਘੁੰਡ ਨਹੀਂ ਕੱਢਦੀ। ਉਹ ਸਮਝਦੀ ਹੈ ਕਿ ਉਸਦੇ ਸੁਹਰੇ ਨੇ ਉਸਦਾ ਘੁੰਡ ਚੁਕਾ ਕੇ ਉਸਨੂੰ ਮਸਤਾ ਦਿੱਤਾ ਹੈ ਜਿਸ ਕਰਕੇ ਉਹ ਹੁਣ ਕਿਸੇ ਦੀ ਪਰਵਾਹ ਨਹੀਂ ਕਰਦੀ ਤੇ ਨੰਗੇ ਮੂੰਹ ਜਾ ਕੇ ਗਲੀ ਵਿਚ ਖੜੀ ਹੋ ਜਾਂਦੀ ਹੈ। ਉਹ ਚਾਹੁੰਦੀ ਹੈ ਕਿ ਉਹ ਉਸਦੇ ਕਹੇ ਵਿਚ ਰਹੇ ਤੇ ਘੁੰਡ ਕੱਢ ਕੇ ਰੱਖੇ।

HOLY FAITH INTERNATIONAL (P) LTD.

# ਉੱਤਰ ਕੁੰਜੀ—ਮਾਡਲ ਟੈੱਸਟ ਪੇਪਰ

## ਨਿਊ ਸਟਾਈਲ ਮਾਡਲ ਟੈੱਸਟ ਪੇਪਰ—1

**1. ਉੱਤਰ**—(*i*) ਦੁੱਖ ਦੀ, (*ii*) ਜਗਾ ਕੇ, (*iii*) ਅਗਿਆਨਤਾ, (*iv*) ਇਨਸਾਨੀ ਵਿਕਾਸ ਬੰਦ ਹੋ ਜਾਂਦਾ, (*v*) ਦੁੱਖ ਦੀ, (*vi*) ਪਰਮਹੰਸ ਯੋਗਾ ਨੰਦ ।

**2. ਉੱਤਰ**—

(*i*) ਥਲ ਤੋਂ ਤਿੰਨ ਗੁਣਾ ।

(*ii*) ਰੈਣ-ਬਸੇਰਾ ।

(*iii*) ਸੂਰਜ ਦੁਆਲੇ ।

(*iv*) ਗਰਮੀ, ਸਿਆਲ, ਬਸੰਤ, ਬਰਸਾਤ (ਮੀਂਹ) ।

**3. ਉੱਤਰ**—(*i*) ਦੂਰ-ਨੇੜੇ, (*ii*) ਸਾਫ਼-ਦਿਲ, (*iii*) ਭੇਡ-ਚਾਲ ।

**4. ਉੱਤਰ**—(*i*) ਜੰਮਣ, (*ii*) ਇਕ ਗਹਿਣਾ, ਕਾਬੂ ਵਿਚ, (*iii*) ਦੁਨੀਆ, ਇਕ ਬਰਤਨ ।

**5. ਉੱਤਰ**—(*i*) ਕਿਰਿਆ ਵਿਸ਼ੇਸ਼ਣ, (*ii*) ਸਵੇਰੇ, (*iii*) ਸੰਖਿਆਵਾਚਕ ।

**6.** (*i*) **ਉੱਤਰ**—(ੳ) ਅਤਿਵਾਦੀ, ਅਤਿਕਥਨੀ

(ਅ) ਨਿਸਫਲ, ਨਿਸਚਿੰਤ ।

(*ii*) **ਉੱਤਰ**—(ੳ) ਵਿਦਿਆਲਾ, ਪੁਸਤਕਾਲਾ ।

(ਅ) ਸੁਖਦਾਇਕ, ਦੁਖਦਾਇਕ ।

**7. ਉੱਤਰ**—

***(i)*** **ਕੱਖੋਂ ਹੌਲਾ ਹੋਣਾ** (ਬਹੁਤ ਸ਼ਰਮਿੰਦਾ ਕਰ ਦੇਣਾ)—ਕਮਲਾ ਨੇ ਮੈਨੂੰ ਇਕਰਾਰ ਨਾ ਪੂਰਾ ਕਰਨ 'ਤੇ ਸਭ ਦੇ ਸਾਹਮਣੇ ਅਜਿਹੀ ਝਾੜ ਪਾਈ ਕਿ ਮੈਂ **ਕੱਖੋਂ ਹੌਲੀ ਹੋ ਗਈ ।**

***(ii)*** **ਕੰਨਾਂ ਵਿਚ ਰੂੰ ਦੇਣਾ** (ਗੱਲ ਨਾ ਸੁਣਨਾ)—ਕੀ ਤੂੰ **ਕੰਨਾਂ ਵਿਚ ਰੂੰ ਦਿੱਤਾ ਹੋਇਆ** ਹੈ ? ਮੇਰੀ ਗੱਲ ਦਾ ਜਵਾਬ ਨਹੀਂ ਦਿੰਦਾ ।

***(iii)*** **ਖ਼ਾਨਾ ਖ਼ਰਾਬ ਹੋਣਾ** (ਘਰ ਤਬਾਹ ਹੋ ਜਾਣਾ)—ਸਾਰੇ ਘਰ ਦੇ ਮੈਂਬਰਾਂ ਦੇ ਭੈੜੀਆਂ ਆਦਤਾਂ ਦੇ ਸ਼ਿਕਾਰ ਹੋਣ ਕਰਕੇ ਉਸ ਦਾ ਤਾਂ **ਖ਼ਾਨਾ ਹੀ ਖ਼ਰਾਬ ਹੋ ਗਿਆ** ਹੈ ।

***(iv)*** **ਗਤ ਬਣਾਉਣਾ** (ਮਾਰ-ਕੁਟਾਈ ਕਰਨੀ)—ਪੁਲਿਸ ਨੇ ਚੋਰ ਨੂੰ ਕੁੱਟ-ਕੁੱਟ ਕੇ ਉਸ ਦੀ ਖ਼ੂਬ **ਗਤ ਬਣਾਈ ।**

***(v)*** **ਘਰ ਭੰਨਣਾ** (ਚੋਰੀ ਕਰਨਾ)—ਚੋਰਾਂ ਨੇ ਉਸ ਦਾ **ਘਰ ਭੰਨ** ਲਿਆ ।

***(vi)*** **ਚਹੁੰ ਚੋਰਾਂ ਦੀ ਮਾਰ ਪੈਣੀ** (ਬਹੁਤ ਕੁੱਟ ਪੈਣੀ)—ਰਾਮ ਨੂੰ ਸ਼ਰਾਰਤਾਂ ਕਰਨ ਕਰਕੇ ਅੱਜ ਸਕੂਲ ਵਿਚ ਚਹੁੰ ਚੋਰਾਂ ਦੀ ਮਾਰ ਪਈ ।

**8. ਉੱਤਰ**—

### (*i*) ਗੁਰੂ ਗੋਬਿੰਦ ਸਿੰਘ ਜੀ

(**ਰੂਪ-ਰੇਖਾ**—ਦਸਵੇਂ ਗੁਰੂ ਤੇ ਸੰਤ-ਸਿਪਾਹੀ—ਜਨਮ ਤੇ ਮਾਤਾ-ਪਿਤਾ—ਬਚਪਨ—ਪਿਤਾ ਦੀ ਕੁਰਬਾਨੀ—ਸਿੱਖ ਕੌਮ ਨੂੰ ਇਕ-ਮੁੱਠ ਕਰਨਾ—ਖ਼ਾਲਸਾ ਪੰਥ ਦੀ ਸਾਜਨਾ—ਪਹਾੜੀ ਰਾਜਿਆਂ ਤੇ ਮੁਗ਼ਲਾਂ ਨਾਲ ਯੁੱਧ—ਕੁਰਬਾਨੀਆਂ—ਜੋਤੀ-ਜੋਤ ਸਮਾਉਣਾ ।)

**ਦਸਵੇਂ ਗੁਰੂ ਤੇ ਸੰਤ ਸਿਪਾਹੀ**—ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ । ਆਪ ਸੰਤ-ਸਿਪਾਹੀ ਸਨ । ਆਪ ਨੇ ਜ਼ੁਲਮ ਦਾ ਨਾਸ਼ ਕਰਨ ਲਈ ਭਗਤੀ ਦੇ ਨਾਲ ਸ਼ਕਤੀ ਦੀ ਵਰਤੋਂ ਨੂੰ ਜਾਇਜ਼ ਦੱਸਿਆ । ਆਪ ਨੇ ਦੱਬੇ-ਕੁਚਲੇ ਲੋਕਾਂ ਦੇ ਹੱਥਾਂ ਵਿਚ ਤਲਵਾਰ ਤੇ ਦੋ-ਧਾਰਾ ਖੰਡਾ ਫੜਾਇਆ ਤੇ ਉਨ੍ਹਾਂ ਨੂੰ ਗਿੱਦੜਾਂ ਤੋਂ ਸ਼ੇਰ ਬਣਾਇਆ । ਆਪ ਮਹਾਨ ਕਵੀ, ਬਹਾਦਰ ਜਰਨੈਲ ਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਸਨ । ਆਪ ਦੇ ਵਿਅਕਤਿੱਤਵ ਦੀ ਮਹਿਮਾ ਕਰਦਾ ਹੋਇਆ ਕਵੀ ਗੁਰਦਾਸ ਸਿੰਘ ਲਿਖਦਾ ਹੈ—

ਵਾਹੁ ਪ੍ਰਗਟਿਉ ਮਰਦ ਅਗੰਮੜਾ ਵਰਿਆਮ ਇਕੇਲਾ ।<br>
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ ।

**ਜਨਮ ਤੇ ਮਾਤਾ-ਪਿਤਾ**—ਆਪ ਦਾ ਜਨਮ 1666 ਈ: ਵਿਚ ਪਟਨਾ ਸਾਹਿਬ ਵਿਚ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ । ਗੁਰੂ ਤੇਗ਼ ਬਹਾਦਰ ਜੀ ਆਪ ਦੇ ਪਿਤਾ ਸਨ ।

**ਮੁੱਢਲਾ ਜੀਵਨ**—ਬਾਲ ਗੁਰੂ ਜੀ ਨੇ ਆਪਣੇ ਮੁੱਢਲੇ 4 ਸਾਲ ਪਟਨੇ ਵਿਚ ਬਿਤਾਏ । ਆਪ ਆਪਣੇ ਹਾਣੀਆਂ ਨਾਲ ਕਈ ਤਰ੍ਹਾਂ ਦੇ ਚੋਜ ਕਰਦੇ ਰਹਿੰਦੇ ਸਨ । ਆਪ ਬੱਚਿਆਂ ਦੀਆਂ ਫ਼ੌਜਾਂ ਬਣਾ ਕੇ ਇਕ ਦੂਸਰੇ ਦੇ ਵਿਰੁੱਧ ਨਕਲੀ ਲੜਾਈਆਂ ਕਰਦੇ ਹੁੰਦੇ ਸਨ ।

**ਆਨੰਦਪੁਰ ਆਉਣਾ**—1672 ਈ: ਵਿਚ ਆਪ ਦੇ ਪਿਤਾ ਜੀ ਪਟਨੇ ਨੂੰ ਛੱਡ ਕੇ ਆਨੰਦਪੁਰ ਆ ਗਏ । ਇੱਥੇ ਆਪ ਦੇ ਪਿਤਾ ਜੀ ਨੇ ਆਪ ਨੂੰ ਸ਼ਸਤਰ ਵਿੱਦਿਆ ਤੇ ਧਾਰਮਿਕ ਵਿੱਦਿਆ ਦਿੱਤੀ ।

**ਪਿਤਾ ਦੀ ਕੁਰਬਾਨੀ**—ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂ ਧਰਮ ਨੂੰ ਖ਼ਤਮ ਕਰਨ ਲਈ ਅੱਤ ਚੁੱਕੀ ਹੋਈ ਸੀ । ਹਿੰਦੂ ਜਨਤਾ ਉਸ ਦੇ ਜ਼ੁਲਮਾਂ ਤੋਂ ਬਹੁਤ ਤੰਗ ਆਈ ਹੋਈ ਸੀ । ਕਸ਼ਮੀਰੀ ਪੰਡਿਤ ਦੁਖੀ ਹੋ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਕੋਲ ਸਹਾਇਤਾ ਲਈ ਆਏ । ਉਸ ਸਮੇਂ ਆਪ ਕੇਵਲ 9 ਸਾਲਾਂ ਦੇ ਸਨ । ਆਪ ਨੇ ਆਪਣੇ ਪਿਤਾ ਜੀ ਨੂੰ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਕੁਰਬਾਨੀ ਦੇਣ ਲਈ ਦਿੱਲੀ ਭੇਜਿਆ ।

**ਖ਼ਾਲਸਾ ਪੰਥ ਦੀ ਸਾਜਨਾ**—ਪਿਤਾ ਜੀ ਦੀ ਸ਼ਹੀਦੀ ਤੋਂ ਪਿੱਛੋਂ ਆਪ ਨੇ ਸਿੱਖ ਕੌਮ ਨੂੰ ਇਕ-ਮੁੱਠ ਕੀਤਾ ਅਤੇ ਸ਼ਸਤਰ ਵਿੱਦਿਆ ਦੇਣੀ ਸ਼ੁਰੂ ਕੀਤੀ । 1699 ਈ: ਵਿਚ ਵਿਸਾਖੀ ਵਾਲੇ ਦਿਨ ਆਪ ਨੇ ਆਨੰਦਪੁਰ ਵਿਚ ਇਕ ਭਾਰੀ ਇਕੱਠ ਕੀਤਾ ਅਤੇ ਦੀਵਾਨ ਵਿਚ ਪੰਜ ਵਾਰ ਇਕ-ਇਕ ਸਿਰ ਦੀ ਮੰਗ ਕੀਤੀ । ਪੰਜ ਸਿੱਖਾਂ ਨੇ ਗੁਰੂ ਜੀ ਦੀ ਮੰਗ ਪੂਰੀ ਕੀਤੀ । ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ 'ਪੰਜ ਪਿਆਰਿਆਂ' ਦੀ ਪਦਵੀ ਦਿੱਤੀ । ਪਿੱਛੋਂ ਆਪ ਨੇ ਉਨ੍ਹਾਂ ਤੋਂ ਅੰਮ੍ਰਿਤ ਛਕਿਆ । ਇਸ ਤਰ੍ਹਾਂ ਆਪ ਨੇ ਖ਼ਾਲਸਾ ਪੰਥ ਦੀ ਨੀਂਹ ਰੱਖੀ ਤੇ ਕਿਹਾ—

HOLY FAITH INTERNATIONAL (P) LTD.

ਸਵਾ ਲਾਖ ਸੇ ਏਕ ਲੜਾਊਂ ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ ।

**ਲੜਾਈਆਂ ਤੇ ਕੁਰਬਾਨੀਆਂ**—ਗੁਰੂ ਜੀ ਨੂੰ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ । ਆਪ ਦੇ ਦੁਸ਼ਮਣਾਂ ਨੂੰ ਹਰ ਥਾਂ ਹਾਰ ਦਾ ਮੂੰਹ ਦੇਖਣਾ ਪਿਆ । ਇਨ੍ਹਾਂ ਲੜਾਈਆਂ ਸਮੇਂ ਆਪ ਨੂੰ ਆਨੰਦਪੁਰ ਛੱਡਣਾ ਪਿਆ । ਆਪ ਆਪਣੇ ਪਰਿਵਾਰ ਨਾਲੋਂ ਵਿਛੜ ਗਏ । ਆਪ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਨੇ ਨੀਹਾਂ ਵਿਚ ਚਿਣਵਾ ਦਿੱਤਾ । ਮਾਤਾ ਗੁਜਰੀ ਜੀ ਨੇ ਕੈਦ ਵਿਚ ਜਾਨ ਦੇ ਦਿੱਤੀ । ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ । ਇੰਨਾ ਕੁੱਝ ਹੋਣ ਤੇ ਵੀ ਆਪ ਨੇ ਹੌਂਸਲਾ ਨਾ ਛੱਡਿਆ । ਆਪ ਸਾਰੀ ਸਿੱਖ ਕੌਮ ਨੂੰ ਆਪਣਾ ਪਰਿਵਾਰ ਸਮਝਦੇ ਸਨ । ਆਪ ਦੇ ਜੀਵਨ ਦਾ ਉਦੇਸ਼ ਇਨ੍ਹਾਂ ਸਤਰਾਂ ਵਿਚ ਅੰਕਿਤ ਹੈ—

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ।
ਨਾ ਡਰੋਂ ਅਰੁ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ ।
ਅਰ ਸਿਖਹੁੰ ਅਪਨੇ ਹੀ ਮਨ ਕਉ ਇਹ ਲਾਲਚ ਹਉਂ ਗੁਨ ਤਉ ਉਚਰੋਂ ।
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੈਂ ਤਬ ਜੂਝ ਮਰੋਂ ।

**ਅੰਤਿਮ ਸਮਾਂ**—ਕੁੱਝ ਸਮੇਂ ਪਿੱਛੋਂ ਆਪ ਨੰਦੇੜ (ਦੱਖਣ) ਪੁੱਜੇ । ਇੱਥੇ ਆਪ ਨੇ ਬੰਦਾ ਬਹਾਦਰ ਨੂੰ ਸਿੱਖ ਕੌਮ ਦਾ ਆਗੂ ਥਾਪ ਕੇ ਪੰਜਾਬ ਵਲ ਭੇਜਿਆ । 1708 ਈ: ਵਿਚ ਆਪ ਇੱਥੇ ਹੀ ਜੋਤੀ-ਜੋਤ ਸਮਾ ਗਏ ।

## (*ii*) ਬਚਾਓ ਵਿਚ ਹੀ ਬਚਾਓ ਹੈ

ਵੱਡੀਆਂ ਸੜਕਾਂ ਉੱਤੇ ਹਰ ਪੰਜ-ਸੱਤ ਕਿਲੋਮੀਟਰ ਤੋਂ ਬਾਅਦ 'ਬਚਾਓ ਵਿਚ ਹੀ ਬਚਾਓ ਹੈ' ਦਾ ਬੋਰਡ ਲੱਗਾ ਹੁੰਦਾ ਹੈ, ਜਿਸ ਨੂੰ ਪੜ੍ਹ ਕੇ ਸੜਕ ਉੱਪਰ ਚਲ ਰਿਹਾ ਹਰ ਬੰਦਾ, ਚਾਹੇ ਉਹ ਪੈਦਲ ਜਾ ਰਿਹਾ ਹੋਵੇ, ਸਕੂਟਰ ਜਾਂ ਮੋਟਰ ਸਾਇਕਲ ਉੱਤੇ ਹੋਵੇ ਜਾਂ ਕਾਰ ਚਲਾ ਰਿਹਾ ਹੋਵੇ, ਜ਼ਰਾ ਸਾਵਧਾਨ ਹੋ ਕੇ ਆਪਣੀ ਗੱਡੀ ਚਲਾਉਣ ਲਗਦਾ ਹੈ । ਅਜਿਹੀ ਸਾਵਧਾਨੀ ਬੱਸਾਂ ਤੇ ਟਰੱਕਾਂ ਦੇ ਡਰਾਈਵਰਾਂ ਦੇ ਮਨਾਂ ਵਿਚ ਵੀ ਜ਼ਰੂਰ ਉੱਸਲਵੱਟੇ ਲੈਣ ਲਗਦੀ ਹੋਵੇਗੀ, ਪਰ ਬਹੁਤੀ ਚਿੰਤਾ ਦੋ, ਤਿੰਨ ਜਾਂ ਚਾਰ-ਪਹੀਆ ਛੋਟਾ ਵਾਹਨ ਚਲਾਉਣ ਵਾਲੇ ਦੇ ਮਨ ਨੂੰ ਖੁਰਚਦੀ ਹੈ ।

ਇਨ੍ਹਾਂ ਸ਼ਬਦਾਂ ਦਾ ਅਰਥ ਹੈ ਕਿ ਸੜਕ ਉੱਪਰ ਜੇਕਰ ਅਸੀਂ ਪੈਦਲ ਜਾਂ ਕਿਸੇ ਵਾਹਨ ਉੱਤੇ ਜਾ ਰਹੇ ਹੋਈਏ, ਤਾਂ ਅਸੀਂ ਦੁਰਘਟਨਾ ਤੋਂ ਤਾਂ ਹੀ ਬਚ ਸਕਦੇ ਹਾਂ, ਜੇਕਰ ਅਸੀਂ ਆਪਣਾ ਬਚਾ ਆਪ ਕਰੀਏ । ਆਪਣਾ ਬਚਾ ਆਪ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਸਾਵਧਾਨ ਹੋ ਕੇ ਤੇ ਟ੍ਰੈਫ਼ਿਕ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣਾ ਵਾਹਨ ਚਲਾਈਏ । ਪਹਿਲੀ ਗੱਲ ਇਹ ਹੈ ਕਿ ਸੜਕ ਉੱਤੇ ਚੜ੍ਹਨ ਤੋਂ ਪਹਿਲਾਂ ਸਾਨੂੰ ਆਪਣੇ ਵਾਹਨ ਦਾ ਤੇਲ, ਬ੍ਰੇਕ ਤੇ ਟਾਇਰਾਂ ਦੀ ਹਵਾ ਆਦਿ ਸਭ ਦੀ ਜਾਂਚ ਕਰ ਲੈਣੀ ਚਾਹੀਦੀ ਹੈ । ਦੂਜੀ ਗੱਲ ਇਹ ਹੈ ਕਿ ਸਾਨੂੰ ਆਪਣੇ ਵਾਹਨ ਦੀ ਸਪੀਡ ਓਨੀ ਹੀ ਰੱਖਣੀ ਚਾਹੀਦੀ ਹੈ, ਜਿੰਨੀ ਕਿਸੇ ਸੜਕ ਉੱਤੇ ਚੱਲਣ ਲਈ ਮਿੱਥੀ ਗਈ ਹੋਵੇ । ਤੀਸਰੇ ਸਾਨੂੰ ਕਿਸੇ ਤੋਂ ਅੱਗੇ ਲੰਘਣ ਸਮੇਂ ਸਾਈਡ ਦਾ ਪੂਰਾ-ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ ਤੇ ਅਗਲੇ ਨੂੰ ਹਾਰਨ ਦੇ ਕੇ ਅੱਗੇ ਲੰਘਣਾ ਚਾਹੀਦਾ ਹੈ । ਚੌਥੇ ਸਾਨੂੰ ਰਾਤੀਂ ਡਿੱਪਰ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ । ਪੰਜਵੇਂ ਸੜਕ ਉੱਤੇ ਥਾਂ-ਥਾਂ ਲੱਗੇ ਨਿਸ਼ਾਨਾਂ, ਸਪੀਡ ਬਰੇਕਰਾਂ ਤੇ ਇਸ਼ਾਰਿਆਂ ਦਾ ਪੂਰਾ-ਪੂਰਾ ਖਿਆਲ ਰੱਖਣਾ ਚਾਹੀਦਾ ਹੈ । ਜੇਕਰ ਕੋਈ ਵਾਹਨ ਅੱਗੇ ਲੰਘਣਾ ਚਾਹੇ, ਤਾਂ ਆਪਣੀ ਸਪੀਡ ਘਟਾ ਕੇ ਉਸ ਨੂੰ ਸਾਈਡ ਦੇਣੀ ਚਾਹੀਦੀ ਹੈ । ਇਸ ਦੇ ਨਾਲ ਹੀ ਪਿਛਲੀ ਸੜਕ ਤੇ ਵਾਹਨ ਦੇਖਣ ਲਈ ਸਾਹਮਣੇ ਸ਼ੀਸ਼ੇ ਵਲ ਵੀ ਪੂਰਾ-ਪੂਰਾ ਧਿਆਨ ਰੱਖਣਾ ਚਾਹੀਦਾ ਹੈ । ਚੌਂਕਾਂ ਨੂੰ ਕਰਾਸ ਕਰਦੇ ਸਮੇਂ ਸਿਪਾਹੀ ਦੇ ਇਸ਼ਾਰੇ ਜਾਂ ਲਾਲ ਤੇ ਹਰੀ ਬੱਤੀ ਦਾ ਧਿਆਨ ਕਰਨਾ ਚਾਹੀਦਾ ਹੈ । ਜੇਕਰ ਅਸੀਂ ਅਜਿਹਾ ਨਹੀਂ ਕਰਾਂਗੇ, ਤਾਂ ਅਸੀਂ ਦੁਰਘਟਨਾ ਦੇ ਸ਼ਿਕਾਰ ਹੋ ਜਾਵਾਂਗੇ ਤੇ ਸਾਡਾ ਕੋਈ ਬਚਾਓ ਨਹੀਂ ਹੋ ਸਕੇਗਾ ।

ਸੋ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਸੜਕਾਂ ਉੱਤੇ ਸਾਡਾ 'ਬਚਾਓ ਬਚਾਓ ਵਿਚ ਹੀ ਹੈ, ਜੋ ਕਿ ਕਿਸੇ ਗੁਰੂ-ਪੀਰ ਜਾਂ ਦੇਵੀ-ਦੇਵਤੇ ਨੇ ਨਹੀਂ, ਸਗੋਂ ਅਸੀਂ ਆਪ ਕਰਨਾ ਹੈ । ਇਸੇ ਲਈ ਕੁਦਰਤ ਨੇ ਸਾਨੂੰ ਸੂਝ-ਸਮਝ ਤੇ ਅਕਲ ਦਿੱਤੀ ਹੈ ।

## (*iii*) ਮੋਬਾਇਲ ਫੋਨ ਦੀ ਵਰਤੋਂ
## ਜਾਂ
## ਸੂਚਨਾ-ਸੰਚਾਰ ਦਾ ਹਰਮਨ ਪਿਆਰਾ ਸਾਧਨ

ਮੋਬਾਈਲ ਫੋਨ, ਜਿਸ ਨੂੰ 'ਸੈੱਲਫੋਨ' ਵੀ ਕਹਿੰਦੇ ਹਨ, ਵਰਤਮਾਨ ਸੰਸਾਰ ਵਿਚ ਸੂਚਨਾ-ਸੰਚਾਰ ਦਾ ਸਭ ਤੋਂ ਹਰਮਨ-ਪਿਆਰਾ ਸਾਧਨ ਬਣ ਗਿਆ ਹੈ । ਅੱਜ ਤੁਸੀਂ ਭਾਵੇਂ ਕਿਤੇ ਵੀ ਹੋਵੋ, ਤੁਹਾਨੂੰ ਇਧਰ-ਉਧਰ ਕੋਈ ਨਾ ਕੋਈ ਮੋਬਾਈਲ ਫੋਨ ਉੱਤੇ ਗੱਲਾਂ ਕਰਦਾ ਦਿਸ ਪਵੇਗਾ ਜਾਂ ਘੱਟੋ-ਘੱਟ ਕਿਸੇ ਦੀ ਜੇਬ ਜਾਂ ਪਰਸ ਵਿਚ ਮੋਬਾਈਲ ਫੋਨ ਦੀ ਘੰਟੀ ਵੱਜਦੀ ਜ਼ਰੂਰ ਸੁਣ ਪਵੇਗੀ । ਅੱਜ ਤੋਂ 25 ਕੁ ਸਾਲ ਪਹਿਲਾਂ ਭਾਰਤ ਵਿਚ ਇਸ ਦਾ ਪ੍ਰਚਲਨ ਆਰੰਭ ਹੋਇਆ, ਤਾਂ ਇਸ ਨੂੰ ਇਕ ਨਾਯਾਬ ਚੀਜ਼ ਸਮਝਿਆ ਜਾਂਦਾ ਸੀ, ਪਰ ਅੱਜ ਇਹ ਅਜਿਹੀ ਚੀਜ਼ ਬਣ ਗਿਆ ਹੈ ਕਿ ਇਸ ਨੂੰ ਹਰ ਅਮੀਰ-ਗਰੀਬ ਪ੍ਰਾਪਤ ਕਰ ਸਕਦਾ ਹੈ । ਇਹੋ ਕਾਰਨ ਹੈ ਕਿ ਅੱਜ ਦੁਨੀਆ ਦੀ 8 ਅਰਬ ਅਬਾਦੀ ਵਿਚੋਂ ਸਾਢੇ 7 ਅਰਬ ਤੋਂ ਵੱਧ ਲੋਕ ਮੋਬਾਈਲ ਫੋਨ ਦੀ ਵਰਤੋਂ ਕਰ ਰਹੇ ਹਨ । ਇਸ ਸਮੇਂ ਭਾਰਤ ਵਿਚ ਮੋਬਾਈਲ ਫੋਨ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਲਗਭਗ ਇਕ ਅਰਬ 20 ਕਰੋੜ ਹੈ । ਮੋਬਾਈਲ ਫੋਨ ਦੇ ਖ਼ਪਤਕਾਰਾਂ ਵਿਚ ਬਹੁਤੀ ਗਿਣਤੀ ਨੌਜਵਾਨ ਮੁੰਡਿਆਂ-ਕੁੜੀਆਂ ਦੀ ਹੈ । ਨੌਜਵਾਨ ਵਰਗ ਤੋਂ ਇਲਾਵਾ ਮੋਬਾਈਲ ਫੋਨ ਦੀ ਵਰਤੋਂ ਸਮਾਜ ਵਿਚ ਹਰ ਪੱਧਰ ਤੇ ਹਰ ਕਿੱਤੇ ਨਾਲ ਸੰਬੰਧਿਤ ਵਿਅਕਤੀ ਕਰ ਰਿਹਾ ਹੈ । ਇੰਞ ਜਾਪਦਾ ਹੈ, ਜਿਵੇਂ ਅੱਜ ਦੀ ਜ਼ਿੰਦਗੀ ਮੋਬਾਈਲ ਫੋਨ ਦੇ ਸਿਰ ਉੱਤੇ ਹੀ ਚਲ ਰਹੀ ਹੋਵੇ । ਅੱਜ ਦੀ ਦੁਨੀਆ ਵਿਚ ਮੋਬਾਈਲ ਫੋਨ ਸਰਬ-ਵਿਆਪਕ ਹੈ ਕਿਉਂਕਿ ਇਸ ਦੇ ਬਹੁਤ ਸਾਰੇ ਲਾਭ ਹਨ ।

ਇਸ ਦਾ ਸਭ ਤੋਂ ਵੱਡਾ ਲਾਭ ਤਟਫਟ ਸੂਚਨਾ-ਸੰਚਾਰ ਦਾ ਸਾਧਨ ਹੋਣਾ ਹੈ । ਤੁਸੀਂ ਭਾਵੇਂ ਕਿੱਥੇ ਵੀ ਅਤੇ ਕਿਸੇ ਵੀ ਹਾਲਤ ਵਿਚ ਹੋਵੋ, ਇਹ ਨਾ ਕੇਵਲ ਤੁਹਾਡੀ ਗੱਲ ਜਾਂ ਸੰਦੇਸ਼ ਨੂੰ ਮਿੰਟਾਂ-ਸਕਿੰਟਾਂ ਵਿਚ ਦੁਨੀਆ ਦੇ ਕਿਸੇ ਥਾਂ ਵੀ ਕਿਸੇ ਵੀ ਹਾਲਤ ਵਿਚ ਮੌਜੂਦ ਤੁਹਾਡੇ ਮਿੱਤਰ-ਪਿਆਰੇ, ਸਨੇਹੀ-ਰਿਸ਼ਤੇਦਾਰ ਜਾਂ ਵਪਾਰਕ ਸੰਬੰਧੀ ਤਕ ਪੁਚਾ ਸਕਦਾ ਹੈ, ਸਗੋਂ ਉਸ ਦਾ ਉੱਤਰ ਵੀ ਨਾਲੋ-ਨਾਲ ਗੱਲ-ਬਾਤ ਜਾਂ

ਐੱਸ. ਐੱਮ. ਐੱਸ. ਰਾਹੀਂ ਤੁਹਾਡੇ ਤਕ ਪੁਚਾ ਦਿੰਦਾ ਹੈ ।

ਇਸ ਨਾਲ ਜਿੱਥੇ ਸਾਡੇ ਪਰਿਵਾਰਕ, ਸਮਾਜਿਕ ਤੇ ਰਾਜਨੀਤਿਕ ਜੀਵਨ ਵਿਚ ਸਾਡੀ ਕਿਰਿਆਤਮਕਤਾ ਨੂੰ ਹੁਲਾਰਾ ਮਿਲਦਾ ਹੈ, ਉੱਥੇ ਨਾਲ ਹੀ ਵਪਾਰਕ ਤੇ ਆਰਥਿਕ ਖੇਤਰ ਵਿਚ ਉਤਪਾਦਨ, ਖ਼ਰੀਦੋ-ਫਰੋਖਤ, ਮੰਗ-ਪੂਰਤੀ, ਦੇਣ-ਲੈਣ, ਭੁਗਤਾਨ ਅਤੇ ਕਾਨੂੰਨ-ਵਿਵਸਥਾ ਦੇ ਸੁਧਾਰ ਵਿਚ ਗਤੀ ਆਉਣ ਨਾਲ ਵਿਕਾਸ ਦੀ ਦਰ ਤੇਜ਼ ਹੁੰਦੀ ਹੈ । ਇਸ ਦੇ ਨਾਲ ਹੀ ਮੋਬਾਈਲ ਫੋਨ ਦਿਲ-ਪਰਚਾਵੇ ਦਾ ਵਧੀਆ ਸਾਧਨ ਹੈ । ਮੋਬਾਈਲ ਫੋਨ ਜੇਬ ਵਿਚ ਹੁੰਦਿਆਂ ਸਾਨੂੰ ਇਕੱਲ ਦਾ ਬਹੁਤਾ ਅਹਿਸਾਸ ਨਹੀਂ ਹੁੰਦਾ । ਇਸ ਰਾਹੀਂ ਅਸੀਂ ਹਰ ਸਮੇਂ ਸਾਰੇ ਭਿੰਨ-ਭਿੰਨ ਪ੍ਰਕਾਰ ਦੇ ਦਿਲ-ਪਰਚਾਵਿਆਂ ਤੇ ਉਤਸੁਕਤਾ-ਜਗਾਊ ਸਾਧਨਾਂ ਨਾਲ ਜੁੜੇ ਰਹਿੰਦੇ ਹਾਂ ।

ਅੱਜ ਕੇਵਲ ਆਮ ਖ਼ਪਤਕਾਰ ਹੀ ਨਹੀਂ ਇਨ੍ਹਾਂ ਦਾ ਉਤਪਾਦਨ ਕਰਨ ਵਾਲੀਆਂ ਤੇ ਸੰਚਾਰ-ਸੇਵਾ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਅਰਬਾਂ ਰੁਪਏ ਦੀ ਕਮਾਈ ਕਰਦੀਆਂ ਹਨ ਤੇ ਨਾਲ ਹੀ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਵੀ ਦਿੰਦੀਆਂ ਹਨ । ਇਸ ਤੋਂ ਇਲਾਵਾ ਜੁਰਮਾਂ ਦੀ ਪੜਤਾਲ ਕਰਨ ਵਿਚ ਪੁਲਿਸ ਤੇ ਹੋਰਨਾਂ ਗੁਪਤਚਰ ਏਜੰਸੀਆਂ ਨੂੰ ਵੀ ਇਸਦਾ ਬਹੁਤ ਲਾਭ ਹੋਇਆ ਹੈ । ਫਲਸਰੂਪ ਕਈ ਖ਼ਤਰਨਾਕ ਮੁਜਰਿਮ ਫੜੇ ਜਾਂ ਮਾਰੇ ਜਾ ਸਕੇ ਹਨ । ਜੀ. ਪੀ. ਐੱਸ. ਦੀ ਸਹੂਲਤ ਤੁਹਾਡੇ ਰਸਤੇ ਦੀ ਗਾਈਡ ਬਣਦੀ ਹੈ । ਕੰਪਿਊਟਰ ਇੰਟਰਨੈੱਟ, ਕੈਮਰਾ, ਵੀਡੀਓ ਗੇਮਾਂ, ਰੇਡੀਓ, ਮਨੋਰੰਜਨ, ਡਾਇਰੀਆਂ, ਕੈਲੰਡਰ, ਮੌਸਮ ਦੀ ਜਾਣਕਾਰੀ, ਕੈਲਕੁਲੇਟਰ, ਗੀਤ-ਸੰਗੀਤ, ਜੀ.ਪੀ. ਐੱਸ. ਤੇ ਸੋਸ਼ਲ ਮੀਡੀਆ, ਖ਼ਬਰਾਂ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਤੁਹਾਡੀ ਮੁੱਠੀ ਵਿਚ ਰਹਿੰਦੀਆਂ ਹਨ । ਇਸ ਤਰ੍ਹਾਂ ਇਸ ਦੇ ਲਾਭਾਂ ਦਾ ਕੋਈ ਪਾਰਾਵਾਰ ਨਹੀਂ । ਪਰ ਜਿੱਥੇ ਇਸ ਦੇ ਇੰਨੇ ਲਾਭ ਹਨ, ਉੱਥੇ ਨੁਕਸਾਨ ਵੀ ਹਨ ।

ਸਮਾਜ-ਵਿਰੋਧੀ ਲੋਕਾਂ ਦੇ ਹੱਥਾਂ ਵਿਚ ਆ ਕੇ ਇਹ ਕਈ ਪ੍ਰਕਾਰ ਦੇ ਖ਼ਤਰਨਾਕ ਜ਼ੁਰਮਾਂ ਤੇ ਅਤਿਵਾਦੀ ਕਾਰਵਾਈਆਂ ਨੂੰ ਨੇਪਰੇ ਚਾੜ੍ਹਨ ਵਿਚ ਸਹਾਇਤਾ ਕਰਦਾ ਹੈ । ਨੌਜਵਾਨ ਮੁੰਡਿਆਂ-ਕੁੜੀਆਂ ਤੇ ਸਕੂਲੀ ਵਿਦਿਆਰਥੀਆਂ ਦੇ ਹੱਥਾਂ ਵਿਚ ਆਇਆ ਤੇ ਉਨ੍ਹਾਂ ਦੇ ਸਮੇਂ ਦਾ ਨਾਸ਼ ਕਰਦਾ ਹੈ । ਇਹ ਗ਼ੈਰ-ਜ਼ਿੰਮੇਵਾਰੀ, ਅਸ਼ਲੀਲਤਾ ਤੇ ਅਭੱਦਰਤਾ ਨੂੰ ਜਨਮ ਦਿੰਦਾ ਹੈ । ਸੈਲਫੀਆਂ, ਗੇਮਾਂ ਤੇ ਸੋਸ਼ਲ ਮੀਡੀਏ ਦੀ ਬਿਮਾਰੀ ਨੇ ਨੌਜਵਾਨ ਪੀੜ੍ਹੀ ਤੇ ਸਮੁੱਚੇ ਸਭਿਆਚਾਰ ਉੱਤੇ ਮਾਰੂ ਹਮਲਾ ਬੋਲ ਦਿੱਤਾ ਹੈ । ਇਹ ਮਨੁੱਖੀ ਸਿਹਤ ਅਤੇ ਜਾਨਵਰਾਂ ਦੀ ਹੋਂਦ ਲਈ ਵੀ ਖ਼ਤਰਾ ਪੈਦਾ ਕਰ ਰਿਹਾ ਹੈ ਤੇ ਪੈਸੇ ਬਟੋਰੂ ਕੰਪਨੀਆਂ ਦੇ ਲਾਲਚ ਕਰਕੇ ਲੋਕਾਂ ਦੀਆਂ ਜੇਬਾਂ ਉੱਤੇ ਹੱਲਾ ਬੋਲ ਕੇ ਉਨ੍ਹਾਂ ਤੋਂ ਗ਼ੈਰ-ਰਚਨਾਤਮਕ ਕੰਮਾਂ ਉੱਤੇ ਖ਼ਰਚ ਕਰਾਉਂਦਾ ਹੈ । ਇਸ ਦੀਆਂ ਰਿੰਗਟੋਨਾਂ ਵਾਤਾਵਰਨ ਵਿਚ ਖ਼ਲਲ ਪੈਦਾ ਕਰਦੀਆਂ ਹਨ । ਇਸ ਦੀ ਗ਼ੈਰ-ਜ਼ਿੰਮੇਵਾਰੀ ਭਰੀ ਵਰਤੋਂ ਦੁਰਘਟਨਾਵਾਂ ਨੂੰ ਵੀ ਜਨਮ ਦਿੰਦੀਆਂ ਹਨ । ਇਸ ਕਰਕੇ ਇਸਦੀ ਵਰਤੋਂ ਸੂਝ-ਬੂਝ ਨਾਲ ਤੇ ਲੋੜ ਅਨੁਸਾਰ ਕਰਨੀ ਚਾਹੀਦੀ ਹੈ।

**9. ਉੱਤਰ–**

ਪ੍ਰੀਖਿਆ ਭਵਨ,

......... ਸਕੂਲ,

......... ਸ਼ਹਿਰ ।

23 ਜੁਲਾਈ, 20...

ਪਿਆਰੇ ਕੁਲਬੀਰ,

ਸ਼ੁੱਭ ਇੱਛਾਵਾਂ ।

ਅੱਜ ਹੀ ਮਾਤਾ ਜੀ ਦੀ ਚਿੱਠੀ ਆਈ, ਜਿਸ ਤੋਂ ਪਤਾ ਲੱਗਾ ਕਿ ਤੂੰ ਨੌਂਵੀਂ ਵਿਚੋਂ ਫੇਲ੍ਹ ਹੋ ਗਿਆ ਹੈਂ ਅਤੇ ਨਾਲ ਹੀ ਤੂੰ ਅੱਗੋਂ ਪੜ੍ਹਾਈ ਕਰਨ ਦਾ ਖ਼ਿਆਲ ਛੱਡ ਦਿੱਤਾ ਹੈ । ਮੇਰੇ ਵੀਰ,ਉਂਞ ਤਾਂ ਚੰਗਾ ਹੁੰਦਾ ਕਿ ਤੂੰ ਪਾਸ ਹੋ ਜਾਂਦਾ, ਪਰ ਕੋਈ ਗੱਲ ਨਹੀਂ, ਕਦੀ-ਕਦੀ ਜ਼ਿੰਦਗੀ ਵਿਚ ਕਿਸੇ ਕੰਮ ਵਿਚ ਅਸਫਲਤਾ ਵੀ ਹੋ ਜਾਂਦੀ ਹੈ । ਅਸਲ ਵਿਚ ਸਫਲਤਾ ਤੇ ਅਸਫਲਤਾ ਜ਼ਿੰਦਗੀ ਦੇ ਅੰਗ ਹਨ । ਆਦਮੀ ਜ਼ਿੰਦਗੀ ਵਿਚ ਸੈਂਕੜੇ ਕੰਮ ਆਰੰਭ ਕਰਦਾ ਹੈ ਤੇ ਉਨ੍ਹਾਂ ਵਿਚ ਕਈ ਵਾਰ ਫੇਲ੍ਹ ਹੋ ਜਾਂਦਾ ਹੈ, ਪਰ ਜੇਕਰ ਉਹ ਨਿਰਉਤਸ਼ਾਹ ਹੋ ਕੇ ਢੇਰੀ ਢਾਹ ਦੇਵੇ, ਤਾਂ ਕੁੱਝ ਨਹੀਂ ਬਣਦਾ,ਇਸ ਲਈ ਤੈਨੂੰ ਹੌਂਸਲਾ ਨਹੀਂ ਹਾਰਨਾ ਚਾਹੀਦਾ,ਸਗੋਂ ਅੱਗੋਂ ਦ੍ਰਿੜ੍ਹ ਨਿਸਚਾ ਕਰ ਕੇ ਪੜ੍ਹਾਈ ਦੇ ਮਗਰ ਪੈ ਜਾਣਾ ਚਾਹੀਦਾ ਹੈ । ਜਦੋਂ ਮਨੁੱਖ ਪੱਕਾ ਇਰਾਦਾ ਕਰ ਲਵੇ, ਤਾਂ ਸਭ ਮੁਸ਼ਕਲਾਂ ਅਸਾਨ ਹੋ ਜਾਂਦੀਆਂ ਹਨ । ਪੰਜਾਬੀ ਦੇ ਇਕ ਕਵੀ ਨੇ ਕਿਹਾ ਹੈ, 'ਹਿੰਮਤ ਕਰੇ ਮਨੁੱਖ ਜੇ, ਜਾ ਛੋਹੇ ਅਸਮਾਨ ।'

ਜੇਕਰ ਤੂੰ ਫੇਲ੍ਹ ਹੋ ਗਿਆ ਹੈਂ, ਤਾਂ ਇਸ ਵਿਚ ਤੇਰਾ ਕੋਈ ਦੋਸ਼ ਨਹੀਂ, ਅਸਲ ਵਿਚ ਸਾਡੀਆਂ ਪ੍ਰੀਖਿਆਵਾਂ ਦਾ ਢੰਗ ਹੀ ਨਾਕਸ ਹੈ, ਜਿਸ ਨਾਲ ਕਿਸੇ ਦੀ ਯੋਗਤਾ ਦਾ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ । ਇਸ ਦੇ ਉਲਟ ਮੌਕਾ (ਚਾਨਸ) ਵਧੇਰੇ ਕੰਮ ਕਰਦਾ ਹੈ । ਜੇਕਰ ਯਾਦ ਕੀਤੇ ਪ੍ਰਸ਼ਨ ਆ ਜਾਣ, ਤਾਂ ਵਿਦਿਆਰਥੀ ਪਾਸ ਹੋ ਜਾਂਦਾ ਹੈ, ਨਹੀਂ ਤਾਂ ਫੇਲ੍ਹ । ਇਸ ਲਈ ਹੋ ਸਕਦਾ ਹੈ ਕਿ ਤੇਰੇ ਯਾਦ ਕੀਤੇ ਪ੍ਰਸ਼ਨ ਨਾ ਆਏ ਹੋਣ ਜਾਂ ਨੰਬਰ ਲਾਉਣ ਵੇਲੇ ਪ੍ਰੀਖਿਆਕਾਰ ਤੋਂ ਤੇਰੇ ਨਾਲ ਇਨਸਾਫ਼ ਨਾ ਹੋਇਆ ਹੋਵੇ । ਕੁੱਝ ਵੀ ਹੋਵੇ ਤੈਨੂੰ ਹੌਂਸਲਾ ਬਿਲਕੁਲ ਨਹੀਂ ਹਾਰਨਾ ਚਾਹੀਦਾ । ਹਿੰਮਤ ਹਾਰਨ ਵਿਚ ਕੋਈ ਸਿਆਣਪ ਨਹੀਂ ਹੁੰਦੀ ।

ਤੈਨੂੰ ਮੇਰੀ ਇਹੋ ਤਾਕੀਦ ਹੈ ਤੂੰ ਅਗਲੇ ਇਮਤਿਹਾਨ ਦੀ ਹੌਂਸਲੇ ਨਾਲ ਤਿਆਰੀ ਕਰ । ਜੇਕਰ ਕਿਸਮਤ ਨੇ ਪਹਿਲਾਂ ਤੇਰਾ ਸਾਥ ਨਹੀਂ ਦਿੱਤਾ,ਤਾਂ ਮੈਨੂੰ ਯਕੀਨ ਹੈ, ਅੱਗੋਂ ਜ਼ਰੂਰ ਦੇਵੇਗੀ । ਤੈਨੂੰ ਕਿਸੇ ਹਾਲਤ ਵਿਚ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਤੇ ਆਉਂਦੀ ਪ੍ਰੀਖਿਆ ਦੀ ਤਿਆਰੀ ਕਰਨੀ ਚਾਹੀਦੀ ਹੈ ।

ਤੇਰਾ ਵੱਡਾ ਵੀਰ,

ਰੋਲ ਨੰਃ .....।

ਟਿਕਟ

ਕੁਲਬੀਰ ਸਿੰਘ,
ਸਪੁੱਤਰ ਜਗਜੀਤ ਸਿੰਘ,
ਸੈਕਟਰ 29-D,
ਮੁਹਾਲੀ ।

***ਜਾਂ***

ਪ੍ਰੀਖਿਆ ਭਵਨ,

ਅਗਰ ਨਗਰ,

ਲੁਧਿਆਣਾ ।

20 ਅਗਸਤ, 20...

ਸੇਵਾ ਵਿਖੇ

ਕਮਿਸ਼ਨਰ ਸਾਹਿਬ,

ਨਗਰ ਨਿਗਮ,

ਲੁਧਿਆਣਾ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਆਪ ਦਾ ਧਿਆਨ ਆਪਣੇ ਮੁਹੱਲੇ ਅਗਰ ਨਗਰ ਵਿਚ ਸਫ਼ਾਈ ਤੇ ਰੋਸ਼ਨੀ ਦੀ ਮੰਦੀ ਹਾਲਤ ਤੇ ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਨਾ ਹੋਣ ਦੀ ਸਮੱਸਿਆ ਵਲ ਦੁਆਉਣਾ ਚਾਹੁੰਦੇ ਹਾਂ । ਸਾਡੇ ਮੁਹੱਲੇ ਵਿਚ ਗਲੀਆਂ ਦੀ ਸਫ਼ਾਈ ਕਰਨ ਲਈ ਜਿਹੜੇ ਨਿਗਮ ਜਾਂ (ਕਮੇਟੀ/ਪੰਚਾਇਤ) ਵਲੋਂ ਸਫ਼ਾਈ ਕਰਮਚਾਰੀ ਲਾਏ ਹੋਏ ਹਨ, ਉਹ ਆਪਣੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਹੀਂ ਨਿਭਾਉਂਦੇ । ਇਕ ਤਾਂ ਉਹ ਹਰ ਰੋਜ਼ ਸਫ਼ਾਈ ਕਰਨ ਨਹੀਂ ਆਉਂਦੇ; ਦੂਸਰੇ ਉਹ ਜਦੋਂ ਸਫ਼ਾਈ ਕਰਨ ਆਉਂਦੇ ਵੀ ਹਨ, ਤਾਂ ਕੂੜੇ ਦੀਆਂ ਢੇਰੀਆਂ ਗਲੀਆਂ ਵਿਚ ਹੀ ਲਾ ਕੇ ਚਲੇ ਜਾਂਦੇ ਹਨ, ਜਿਸ ਕਾਰਨ ਕੂੜਾ ਮੁੜ ਸਾਰਾ ਦਿਨ ਗਲੀਆਂ ਵਿਚ ਹੀ ਖਿਲਰਦਾ ਰਹਿੰਦਾ ਹੈ ।

ਇੱਥੋਂ ਦੀਆਂ ਗਲੀਆਂ ਵਿਚ ਰੋਸ਼ਨੀ ਦਾ ਪ੍ਰਬੰਧ ਵੀ ਬਹੁਤ ਮਾੜਾ ਹੈ । ਗਲੀਆਂ ਵਿਚ ਲੱਗੇ ਬਹੁਤ ਸਾਰੇ ਬਲਬ ਖ਼ਰਾਬ ਹੋ ਚੁੱਕੇ ਹਨ ਤੇ ਰਾਤ ਨੂੰ ਇੱਥੇ ਆਮ ਕਰਕੇ ਹਨੇਰਾ ਹੀ ਰਹਿੰਦਾ ਹੈ, ਜਿਸ ਕਰਕੇ ਚੋਰੀ ਦੀਆਂ ਵਾਰਦਾਤਾਂ ਤੇ ਔਰਤਾਂ ਨਾਲ ਛੇੜਖ਼ਾਨੀ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ । ਇਸ ਤੋਂ ਇਲਾਵਾ ਸੀਵਰੇਜ ਦੇ ਪਾਣੀ ਦਾ ਨਿਕਾਸ ਵੀ ਠੀਕ ਨਹੀਂ । ਸੀਵਰੇਜ ਆਮ ਕਰਕੇ ਕਿਤੋਂ ਨਾ ਕਿਤੋਂ ਬੰਦ ਹੀ ਹੋਇਆ ਰਹਿੰਦਾ ਹੈ, ਜਿਸ ਕਰਕੇ ਗਲੀ ਨੰ: 12 ਤੇ 13 ਵਿਚ ਤਾਂ ਪਾਣੀ ਆਮ ਕਰਕੇ ਭਰਿਆ ਹੀ ਰਹਿੰਦਾ ਹੈ ਤੇ ਨਾਲੀਆਂ ਵੀ ਕਈ ਥਾਂ ਟੁੱਟੀਆਂ ਹੋਈਆਂ ਹਨ । ਜੇਕਰ ਰਤਾ ਜਿੰਨੀ ਬਰਸਾਤ ਹੋ ਜਾਵੇ, ਤਾਂ ਪਾਣੀ ਘਰਾਂ ਵਿਚ ਵੜ ਜਾਂਦਾ ਹੈ । ਸੀਵਰੇਜ ਤੇ ਬਰਸਾਤ ਦਾ ਪਾਣੀ ਨੀਵੇਂ ਖ਼ਾਲੀ ਥਾਂਵਾਂ ਵਿਚ ਜਮ੍ਹਾਂ ਹੋ ਜਾਂਦਾ ਹੈ, ਜੋ ਕਿ ਲਗਾਤਾਰ ਬਦਬੂ ਵੀ ਛੱਡਦਾ ਰਹਿੰਦਾ ਹੈ ਅਤੇ ਮੱਖੀਆਂ ਤੇ ਮੱਛਰਾਂ ਦੇ ਪਲਣ ਦਾ ਸਥਾਨ ਵੀ ਬਣਿਆ ਰਹਿੰਦਾ ਹੈ, ਜਿਸ ਕਰਕੇ ਮੁਹੱਲੇ ਵਿਚ ਮੱਖੀਆਂ ਤੇ ਮੱਛਰਾਂ ਦੀ ਭਰਮਾਰ ਹੋਈ ਪਈ ਹੈ । ਥਾਂ-ਥਾਂ ਪਾਣੀ ਖੜ੍ਹਾ ਹੋਣ ਕਰਕੇ ਮੁਹੱਲੇ ਵਿਚ ਟੂਟੀਆਂ ਦਾ ਪਾਣੀ ਗੰਦਾ ਹੋ ਗਿਆ ਹੈ ਤੇ ਪੀਣ-ਯੋਗ ਨਹੀਂ ਰਿਹਾ, ਜਿਸ ਕਾਰਨ 'ਯਰਕਾਨ ਤੇ ਦਸਤ' ਦੀਆਂ ਬਿਮਾਰੀਆਂ ਵੀ ਫੈਲ ਗਈਆਂ ਹਨ । ਦੋ ਕੇਸ ਹੈਜ਼ੇ ਦੇ ਹੋ ਚੁੱਕੇ ਹਨ । ਬਹੁਤ ਸਾਰੇ ਲੋਕ ਡੈਂਗੂ ਨਾਲ ਬਿਮਾਰ ਪਏ ਹਨ ।

ਇਸ ਪ੍ਰਕਾਰ ਸਾਡੇ ਮੁਹੱਲੇ ਦੇ ਲੋਕ ਬਹੁਤ ਹੀ ਨਰਕੀ ਜੀਵਨ ਗੁਜ਼ਾਰ ਰਹੇ ਹਨ । ਇੱਥੇ ਸਫ਼ਾਈ ਤੇ ਰੌਸ਼ਨੀ ਦੇ ਪ੍ਰਬੰਧ ਨੂੰ ਸੁਧਾਰਨ, ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਠੀਕ ਕਰਨ ਤੇ ਨਾਲੀਆਂ ਦੀ ਮੁਰੰਮਤ ਲਈ ਤੁਰੰਤ ਕਦਮ ਚੁੱਕਣ ਦੀ ਜ਼ਰੂਰਤ ਹੈ । ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਨਿੱਜੀ ਤੌਰ ਤੇ ਸਾਡੇ ਮੁਹੱਲੇ ਦਾ ਦੌਰਾ ਕਰੋ ਤੇ ਸਾਰੀ ਸਥਿਤੀ ਦਾ ਜਾਇਜ਼ਾ ਲਵੋ । ਅਸੀਂ ਆਸ ਕਰਦੇ ਹਾਂ ਕਿ ਆਪ ਸਾਡੇ ਮੁਹੱਲੇ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜਲਦੀ ਤੋਂ ਜਲਦੀ ਕਾਰਵਾਈ ਕਰੋਗੇ ।

ਧੰਨਵਾਦ ਸਹਿਤ ।

ਆਪ ਦੇ ਵਿਸ਼ਵਾਸ-ਪਾਤਰ,

ਸੁਖਵਿੰਦਰ ਸਿੰਘ ਤੇ ਹੋਰ ਮੁਹੱਲਾ ਨਿਵਾਸੀ ।

**10. ਉੱਤਰ**—ਇਸ ਚਿਤਰ ਵਿਚ ਸਕੂਲ ਦੇ ਨੌਜਵਾਨ ਵਿਦਿਆਰਥੀ ਮੁੰਡੇ-ਕੁੜੀਆਂ ਰੁੱਖ ਲਾ ਰਹੇ ਹਨ । ਜਾਪਦਾ ਹੈ ਕਿ ਉਹ ਵਣ-ਮਹਾਂਉਤਸਵ ਮਨਾ ਰਹੇ ਹਨ । ਇਸ ਵਿਚ ਉਹ ਇਕ ਛੋਟੇ ਸਜਾਵਟੀ ਪੌਦੇ ਨੂੰ ਜ਼ਮੀਨ ਵਿਚ ਲਾ ਚੁੱਕੇ ਹਨ, ਤੇ ਉਨ੍ਹਾਂ ਫੋਟੋ ਖਿਚਵਾਉਣ ਲਈ ਕੈਮਰੇ ਵਲ ਦੇਖਦਿਆਂ ਪੌਦੇ ਨੂੰ ਹੱਥ ਲਾਏ ਹੋਏ ਹਨ । ਦੋ ਜਣੇ ਫੁਹਾਰੇ ਨਾਲ ਪਾਣੀ ਪਾ ਰਹੇ ਹਨ । ਕੁੱਝ ਮੁੰਡੇ-ਕੁੜੀਆਂ ਖੜ੍ਹੇ ਇਸ ਸਾਰੇ ਦ੍ਰਿਸ਼ ਨੂੰ ਦੇਖ ਕੇ ਖ਼ੁਸ਼ ਹੋ ਰਹੇ ਹਨ । ਪਿਛਲੇ ਪਾਸੇ ਸਕੂਲ ਦੀ ਇਮਾਰਤ ਦਿਸ ਰਹੀ ਹੈ । ਇਕ ਮੁੰਡਾ ਆਪਣੇ ਮੋਬਾਈਲ ਨਾਲ ਫੋਟੋ ਵੀ ਖਿੱਚ ਰਿਹਾ ਹੈ ।

**11. ਉੱਤਰ**—(*i*) ਘਰ ਦੇ ਪਿਆਰ ਦੀ, (*ii*) ਪ੍ਰਾਰਥਨਾ, (*iii*) ਨਜ਼ਰਾਨਾ, (*iv*) ਧਰਤੀ ਹੇਠਲਾ ਬਲਦ, (*v*) ਕਰਤਾਰ ਸਿੰਘ, (*vi*) ਕੁਲਫ਼ੀ ।

**12. ਉੱਤਰ**—(*i*) ਇਸਤਰੀ, (*ii*) ਕਿਰਪਾ ਕਰ ਕੈ ਬਖਸਿ, ਲੇਹੁ, (*iii*) ਪੂਜਣ ਯੋਗ, (*iv*) ਭਾਈ ਦਯਾ ਸਿੰਘ, (*v*) ਔਰੰਗਜ਼ੇਬ ਨੇ (*vi*) ਮਨਜੀਤ ।

**13. ਉੱਤਰ**—(*i*) ਗੁਰਬਖ਼ਸ਼ ਸਿੰਘ, (*ii*) ਪੰਜਾਬ ਦਾ, ਸਭਿਆਚਾਰ, (*iii*) ਛਾਪੇ ਪਿੰਡ, (*iv*) ਜੂਨ ਵਿਚ, (*v*) ਨਸ਼ੇ ।

**14. ਉੱਤਰ**—

(*i*) ਜਦੋਂ ਸ਼ਾਹਣੀ ਲੇਖਕ ਦੇ ਘਰ ਉਸ ਦੇ ਕਾਕੇ ਦੁਆਰਾ ਉਨ੍ਹਾਂ ਦੇ ਮੁੰਡੇ ਤੋਂ ਕੁਲਫ਼ੀ ਖੋਹਣ ਲਈ ਢੁੱਡ ਮਾਰਨ ਦਾ ਉਲ੍ਹਾਮਾ ਦੇਣ ਆਈ ਤੇ ਲੇਖਕ ਦੀ ਪਤਨੀ ਨੇ ਕਾਕੇ ਨੂੰ ਮਾਰਨ ਲਈ ਚਪੇੜ ਚੁੱਕੀ, ਤਾਂ ਕਹਾਣੀਕਾਰ ਨੇ ਉਸ ਨੂੰ ਕਿਹਾ ਕਿ ਉਹ ਕਾਕੇ ਨੂੰ ਮਾਰੇ ਨਾ, ਸਗੋਂ ਕੁੱਝ ਵੰਡੇ, ਕਿਉਂਕਿ ਕਾਕੇ ਨੇ ਇਸ ਤਰ੍ਹਾਂ ਕਰ ਕੇ ਇਹ ਸਿੱਧ ਕੀਤਾ ਹੈ ਕਿ ਭਵਿੱਖ ਵਿਚ ਗ਼ਰੀਬ ਅਮੀਰਾਂ ਤੋਂ ਆਪਣੇ ਹੱਕ ਖੋਹ ਕੇ ਲੈ ਲੈਣਗੇ, ਜਦਕਿ ਉਹ (ਲੇਖਕ) ਆਪਣੇ ਮਾਲਕ ਤੋਂ ਆਪਣੇ ਹੱਕ ਮੰਗਣ ਦਾ ਕਦੀ ਹੌਂਸਲਾ ਨਹੀਂ ਸੀ ਕਰ ਸਕਿਆ । ਇਸ ਕਰਕੇ ਉਹ ਤਾਂ ਕਾਇਰ ਪਿਓ ਦੇ ਘਰ ਜੰਮਿਆ ਬਹਾਦਰ ਪੁੱਤਰ ਹੈ ।

(*ii*) ਅਮਰੀਕ ਦਾ ਦਾਦਾ ਕਰਜ਼ੇ ਹੇਠ ਦੱਬ ਜਾਣ ਤੇ ਜ਼ਮੀਨ ਦੇ ਗਹਿਣੇ ਪੈਣ ਕਰਕੇ ਸਿੰਘਾਪੁਰ ਨੂੰ ਚਲਾ ਗਿਆ ਤੇ ਉੱਥੇ ਕਮਾਈ ਕਰ ਕੇ ਉਸ ਨੇ ਹੌਲੀ-ਹੌਲੀ ਆਪਣੀ ਗਹਿਣੇ ਪਈ ਸਾਰੀ ਜ਼ਮੀਨ ਛੁਡਵਾ ਲਈ ।

(*iii*) ਕਰਮ ਸਿੰਘ ਦੇ ਬਾਪੂ ਨੇ (ਕਰਮ ਸਿੰਘ) ਦੀ ਮੌਤ ਦੀ ਖ਼ਬਰ ਮਾਨ ਸਿੰਘ ਨਾਲ ਸਾਂਝੀ ਨਾ ਕਰਨ ਦਾ ਕਾਰਨ ਇਹ ਦੱਸਿਆ ਕਿ ਉਹ ਜਾਣਦਾ ਹੈ ਕਿ ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ ਤੇ ਉਹ ਇਹ ਖ਼ਬਰ ਦੱਸ ਕੇ ਉਸ ਨੂੰ ਦੁਖੀ ਕਰਕੇ ਉਸ ਦੀ ਛੁੱਟੀ ਦੇ ਸੁਆਦ ਨੂੰ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ । ਉਨ੍ਹਾਂ ਸੋਚਿਆ ਸੀ ਕਿ ਉਹ ਜਦੋਂ ਪਲਟਣ ਵਿਚ ਜਾਵੇਗਾ, ਉਦੋਂ ਉਸਨੂੰ ਆਪੇ ਇਸ ਖ਼ਬਰ ਦਾ ਪਤਾ ਲੱਗ ਜਾਵੇਗਾ ।

HOLY FAITH INTERNATIONAL (P) LTD.

(*iv*) ਦਾਰਾ ਔਰੰਗਜ਼ੇਬ ਦਾ ਭਰਾ ਸੀ । ਉਹ ਅਕਬਰ ਵਾਂਗ ਹਿੰਦੁਸਤਾਨ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਸੀ ਪਰ ਔਰੰਗਜ਼ੇਬ ਨੇ ਉਸਨੂੰ ਆਪਣੇ ਹੋਰਨਾਂ ਭਰਾਵਾਂ ਸਮੇਤ ਬੇਰਹਿਮੀ ਨਾਲ ਮਰਵਾਇਆ ਤੇ ਫਿਰ ਉਸਦਾ ਮੁਰਦਾ ਸਰੀਰ ਦਿੱਲੀ ਦੀਆਂ ਸੜਕਾਂ ਉੱਤੇ ਰੋਲਿਆ ਅਤੇ ਫਿਰ ਆਪਣੇ ਕੈਦ ਕੀਤੇ ਬਾਪ ਸ਼ਾਹਜਹਾਨ ਨੂੰ ਉਸ ਦਾ ਸਿਰ ਤੋਹਫ਼ੇ ਦੇ ਤੌਰ 'ਤੇ ਭੇਜਿਆ ਸੀ ।

(*v*) ਇਸਦਾ ਕਾਰਨ ਇਹ ਸੀ ਕਿ ਸੁਖਦੇਵ ਦੇ ਬਾਪੂ ਵਲੋਂ ਨਿਹਾਲ ਕੌਰ ਨੂੰ ਸਦਾ ਦੂਜਾ ਵਿਆਹ ਕਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਤੇ ਉਸਨੇ ਦੂਜਾ ਵਿਆਹ ਕਰਵਾ ਵੀ ਲਿਆ ਸੀ ਪਰ ਦੂਜੀ ਪਤਨੀ ਪੰਜ ਕੁ ਸਾਲ ਮਗਰੋਂ ਬੇ-ਔਲਾਦ ਹੀ ਮਰ ਗਈ ਸੀ ਤੇ ਉਹ ਸਮਝਦੀ ਹੈ ਕਿ ਨੂੰਹ ਉੱਤੇ ਕਾਬੂ ਰੱਖਣ ਲਈ ਉਸਨੂੰ ਪੁੱਤਰ ਦੇ ਦੂਜੇ ਵਿਆਹ ਦੀ ਧਮਕੀ ਦੇਣੀ ਜ਼ਰੂਰੀ ਹੈ ਤੇ ਨਾਲ ਹੀ ਉਹ ਸੁਕਣੱਤ ਦਾ ਬਦਲਾ ਵੀ ਲੈਣਾ ਚਾਹੁੰਦੀ ਹੈ ।

(*vi*) ਲੇਖਕ ਦੱਸਦਾ ਹੈ ਕਿ ਅੱਜ-ਕਲ੍ਹ ਲੋਕਾਂ ਵਿੱਚ ਘਰੋਗੀ ਜੀਵਨ ਨੂੰ ਛੱਡ ਕੇ ਬਜ਼ਾਰੀ ਰਹਿਣੀ-ਬਹਿਣੀ ਵਧ ਰਹੀ ਹੈ । ਲੋਕ ਘਰਾਂ ਦੇ ਸਦਾਚਾਰੀ ਪ੍ਰਭਾਵ ਨੂੰ ਭੁੱਲ ਕੇ ਪਤਨੀ ਤੇ ਬਾਲ-ਬੱਚੇ ਨਾਲ ਜੀਵਨ ਗੁਜ਼ਾਰਨ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਨ ਲੱਗੇ ਹਨ, ਜਿਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚੋਂ ਘਰੋਗੀ ਜ਼ਿੰਮੇਵਾਰੀ, ਬਰਾਦਰੀ ਵਾਲੀ ਸ਼ਰਾਫ਼ਤ, ਮਿੱਠਤ ਅਤੇ ਨਿਮਰਤਾ ਵਰਗੇ ਸਦਾਚਾਰਕ ਗੁਣ ਘਟ ਰਹੇ ਹਨ ।

(*vii*) ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਲਈ ਤਜਰਬੇ ਦੇ ਮੌਕਿਆਂ ਦੀ ਦੇਣ ਬਹੁਮੁੱਲੀ ਹੈ । ਤਜਰਬਿਆਂ ਦਾ ਸੰਬੰਧ ਅਮਲੀ ਜੀਵਨ ਨਾਲ ਹੈ, ਨਾ ਕਿ ਪੜ੍ਹਾਈ ਨਾਲ । ਪੜ੍ਹਾਈ ਤਾਂ ਤਜਰਬੇ ਦੀ ਲਗਨ ਵਧਾਉਣ ਤੇ ਤਜਰਬਿਆਂ ਨੂੰ ਸਾਂਭਣ ਦਾ ਕੰਮ ਕਰਦੀ ਹੈ । ਵੇਖਣਾ, ਖੇਡਣਾ, ਮਿਲਣਾ, ਪਿਆਰਨਾ, ਕੁੱਝ ਜੋੜਨਾ, ਕੁੱਝ ਤੋੜਨਾ ਆਦਿ ਹੀ ਅਸਲ ਤਜਰਬੇ ਹਨ, ਜੋ ਮਨੁੱਖੀ ਸ਼ਖ਼ਸੀਅਤ ਨੂੰ ਅਮੀਰ ਬਣਾਉਂਦੇ ਤੇ ਸਾਡੀ ਬੋਲੀ ਨੂੰ ਲਿਸ਼ਕਾਉਂਦੇ ਹਨ ।

(*viii*) ਲੇਖਕ ਦੇ ਵਡੇਰੇ ਚਾਰ ਭਰਾਵਾਂ (ਬਾਬਿਆਂ) ਨੇ ਛਾਪੇ ਪਿੰਡ ਵਿਆਹ ਉੱਤੇ ਜਾ ਕੇ ਘਰ ਵਾਲਿਆਂ ਦੁਆਰਾ ਮੇਲ-ਗੇਲ ਲਈ ਬਣਾਏ ਕੜਾਹ-ਪ੍ਰਸ਼ਾਦ ਦੇ ਪੂਰੇ ਕੜਾਹੇ ਨੂੰ ਚਟਮ ਕਰ ਲਿਆ, ਜਿਸ ਕਰਕੇ ਘਰ ਵਾਲੇ ਨਾਰਾਜ਼ ਹੋ ਗਏ ਤੇ ਉਨ੍ਹਾਂ ਨੇ ਉਨ੍ਹਾਂ ਨਾਲੋਂ ਆਪਣਾ ਨਾਤਾ ਤੋੜ ਲਿਆ ।

**15. ਉੱਤਰ–**

(*i*) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ/ਬਾਣੀ ਵਿਚ ਗੁਰੂ ਜੀ ਪਰਮਾਤਮਾ ਦੀ ਮਹਿਮਾ ਕਰਦਿਆਂ ਕਹਿੰਦੇ ਹਨ ਕਿ ਉਹ ਪਰਮਾਤਮਾ ਹੀ ਮੇਰਾ ਪਿਤਾ, ਮਾਤਾ, ਭਰਾ, ਸਾਕ-ਸੰਬੰਧੀ ਹੈ । ਉਹ ਉਨ੍ਹਾਂ ਦਾ ਰੱਖਿਅਕ ਤੇ ਆਸਰਾ ਹੈ । ਉਸਦੀ ਕਿਰਪਾ ਨਾਲ ਹੀ ਉਹ ਉਸ ਨਾਲ ਡੂੰਘੀ ਸਾਂਝ ਪਾ ਸਕਦੇ ਹਨ । ਸਾਰਾ ਸੰਸਾਰ ਉਸਦਾ ਪੈਦਾ ਕੀਤਾ ਹੈ ਤੇ ਸਾਰੇ ਉਸਦੇ ਭਾਣੇ ਵਿਚ ਬੱਝੇ ਹੋਏ ਹਨ । ਉਸਦਾ ਨਾਮ ਸਿਮਰ ਕੇ ਮਨ ਠੰਢਾ-ਠਾਰ ਹੁੰਦਾ ਹੈ ਤੇ ਆਤਮਿਕ ਆਨੰਦ ਮਿਲਦਾ ਹੈ ਤੇ ਇਹ ਅਵਸਥਾ ਪੂਰਨ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ ।

***ਜਾਂ***

ਫੇਰੂ ਸ਼ਹਿਰ ਦੀ ਲੜਾਈ ਵਿਚ ਸਿੰਘ ਸੂਰਮੇ ਡਟ ਕੇ ਲੜੇ ਤੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਇੰਨੇ ਜ਼ਿਆਦਾ ਸਿਰ ਵੱਢੇ ਕਿ ਅੰਗਰੇਜ਼ ਗਵਰਨਰ ਜਨਰਲ ਨੂੰ ਲੱਗਾ ਕਿ ਇਸ ਮਾਰ-ਵੱਢ ਕਾਰਨ ਸਾਰੇ ਇੰਗਲੈਂਡ ਦੀਆਂ ਜ਼ਨਾਨੀਆਂ ਰੰਡੀਆਂ ਹੋ ਗਈਆਂ ਸਨ । ਇਸ ਗੱਲ ਤੋਂ ਗੁੱਸਾ ਖਾ ਕੇ ਉਸਨੇ ਵਾਰ-ਵਾਰ ਢੰਡੋਰੇ ਫੇਰ ਕੇ ਆਪਣੀਆਂ ਫ਼ੌਜਾਂ ਨੂੰ ਮੁੜ ਜੰਗ ਵਿਚ ਡਟਣ ਲਈ ਪ੍ਰੇਰਿਆ ।

(*ii*) ਵੱਡਿਆ ਨੂੰ ਬੱਚਿਆਂ ਦੀ ਬੋਲੀ ਵਲ ਵਿਸ਼ੇਸ਼ ਧਿਆਨ ਇਸ ਕਰਕੇ ਦੇਣਾ ਚਾਹੀਦਾ ਹੈ, ਕਿਉਂਕਿ ਬਚਪਨ ਵਿਚ ਉਨ੍ਹਾਂ ਦੇ ਮਨ ਉੱਤੇ ਚਿਤਰੇ ਲਫ਼ਜ਼ ਉਨ੍ਹਾਂ ਨੂੰ ਕਦੇ ਭੁੱਲਦੇ ਨਹੀਂ ਤੇ ਇਹ ਸਾਰੀ ਉਮਰ ਉਨ੍ਹਾਂ ਦੇ ਮੋਹਰਾਂ ਵਾਂਗ ਕੰਮ ਆਉਂਦੇ ਹਨ । ਇਸ ਕਰਕੇ ਉਨ੍ਹਾਂ ਦੀ ਬੋਲੀ ਵਿਚ ਸ਼ਬਦਾਂ ਨਾਲ ਲਗਾਤਾਰ ਵਾਧਾ ਕਰਦੇ ਰਹਿਣਾ ਚਾਹੀਦਾ ਹੈ । ਜਿਹੜੇ ਵੱਡੇ ਅਜਿਹਾ ਨਹੀਂ ਕਰਦੇ ਤੇ ਬੱਚਿਆਂ ਨੂੰ ਜਿਵੇਂ ਪਲਦੇ-ਰੁਲਦੇ ਹਨ, ਪਲਦੇ-ਰੁਲਦੇ ਰਹਿਣ ਦਿੰਦੇ ਹਨ, ਉਨ੍ਹਾਂ ਦੀ ਆਪਣੀ ਦੁਨੀਆਂ ਵੀ ਦਿਨੋ-ਦਿਨ ਕੰਗਾਲ ਹੁੰਦੀ ਜਾਂਦੀ ਹੈ ।

***ਜਾਂ***

'ਪ੍ਰਾਰਥਨਾ' ਨਿਬੰਧ ਦੇ ਅੰਤ ਵਿਚ ਲੇਖਕ ਪਾਠਕਾਂ ਨੂੰ ਉਪਦੇਸ਼ ਦਿੰਦਾ ਹੋਇਆ ਕਹਿੰਦਾ ਹੈ ਕਿ ਮਨੁੱਖ ਦਾ ਜੀਵਨ ਥੋੜ੍ਹੇ ਚਿਰ ਲਈ ਹੈ । ਰੱਬ ਦੀ ਦਰਗਾਹ ਵਿਚ ਉਸਦੇ ਭਲੇ-ਬੁਰੇ ਕੰਮਾਂ ਅਨੁਸਾਰ ਉਸਨੂੰ ਸਜ਼ਾ ਮਿਲਦੀ ਹੈ ।

**16. ਉੱਤਰ–**

(*i*) ਬੇਗਮ ਉਦੈਪੁਰੀ ਔਰੰਗਜ਼ੇਬ ਦੀ ਤੀਜੀ ਇਤਾਲਵੀ ਬੀਵੀ ਹੈ । ਸ਼ਹਿਜ਼ਾਦਾ ਕਾਮ ਬਖ਼ਸ਼ ਤੇ ਸ਼ਹਿਜ਼ਾਦੀ ਜ਼ੀਨਤ-ਉਨ-ਨਿਸਾ ਉਸ ਦੇ ਬੱਚੇ ਹਨ । ਬਜ਼ੁਰਗ ਹੋਣ ਕਰਕੇ ਉਸ ਦੀ ਸਿਹਤ ਠੀਕ ਨਹੀਂ । ਇਕਾਂਗੀਕਾਰ ਅਨੁਸਾਰ ਔਰੰਗਜ਼ੇਬ ਉਸ ਨੂੰ ਸਭ ਤੋਂ ਵੱਧ ਚਾਹੁੰਦਾ ਸੀ । ਉਹ ਉਸ ਨੂੰ ਪਰੇਸ਼ਾਨ ਦੇਖ ਕੇ ਬਹੁਤ ਫ਼ਿਕਰਮੰਦ ਹੁੰਦੀ ਹੈ । ਉਹ ਔਰੰਗਜ਼ੇਬ ਨੂੰ ਕਹਿੰਦੀ ਹੈ ਕਿ ਉਸ ਦੀ ਸੇਵਾ ਤੋਂ ਬਿਨਾਂ ਉਸ ਦੀ ਜ਼ਿੰਦਗੀ ਦਾ ਹੋਰ ਕੋਈ ਮਕਸਦ ਨਹੀਂ । ਉਂਞ ਉਹ ਉਸ ਤੋਂ ਡਰਦੀ ਹੈ । ਉਸ ਦੇ ਹੁਕਮ ਤੋਂ ਬਿਨਾਂ ਉਹ ਅਜਿਹਾ ਕਦਮ ਨਹੀਂ ਪੁੱਟ ਸਕਦੀ ।

(*ii*) ਨਿਹਾਲ ਕੌਰ 'ਦੂਜਾ ਵਿਆਹ' ਇਕਾਂਗੀ ਦੀ ਮੁੱਖ ਪਾਤਰ ਮਨਜੀਤ ਦੀ ਸੱਸ, ਗੁਰਦਿੱਤ ਸਿੰਘ ਦੀ ਪਤਨੀ ਅਤੇ ਸੁਖਦੇਵ ਸਿੰਘ ਤੇ ਸੁਖਦੇਵ ਕੌਰ ਦੀ ਮਾਂ ਹੈ । ਉਹ ਪੁਰਾਤਨ ਨਮੂਨੇ ਦੀਆਂ ਸੱਸਾਂ ਦੀ ਪ੍ਰਤੀਨਿਧ ਹੈ । ਉਸ ਦਾ ਚਰਿੱਤਰ ਖਲਨਾਇਕਾ ਵਰਗਾ ਹੈ । ਸੱਸ ਦੇ ਰੂਪ ਵਿਚ ਉਹ ਪੁਰਾਤਨ ਖ਼ਿਆਲਾਂ ਵਾਲੀ, ਨੂੰਹ ਦੀ ਗੱਲ-ਗੱਲ ਵਿੱਚ ਨੁਕਸ ਛਾਂਟ ਕੇ ਉਸ ਨਾਲ ਆਢ੍ਹਾ ਲਾਈ ਰੱਖਣ ਵਾਲੀ, ਗੱਲ ਨੂੰ ਭੁੰਜੇ ਨਾ ਪੈਣ ਦੇਣ ਵਾਲੀ, ਕੌੜੀ ਜ਼ਬਾਨ ਵਾਲੀ, ਊਜਾਂ ਤੇ ਚੋਭਾਂ ਲਾਉਣ ਵਾਲੀ, ਈਰਖ਼ਾਲੂ, ਨਵੇਂ ਖ਼ਿਆਲਾਂ ਤੇ ਰੁਚੀਆਂ ਨੂੰ ਪਸੰਦ ਨਾ ਕਰਨ ਵਾਲੀ, ਸ਼ੱਕੀ ਸੁਭਾ ਵਾਲੀ ਤੇ ਆਪਣੀ ਚਲਾਉਣ ਦੀ ਚਾਹਵਾਨ ਇਸਤਰੀ ਹੈ ।

HOLY FAITH INTERNATIONAL (P) LTD.

# ਨਿਊ ਸਟਾਈਲ ਮਾਡਲ ਟੈੱਸਟ ਪੇਪਰ—2

**1. ਉੱਤਰ**–(*i*) ਮਾਨਵਤਾ ਦੇ, (*ii*) ਜ਼ੁਲਮ ਦੇ, (*iii*) ਮੁਸਲਮਾਨ, (*iv*) ਸੰਤ-ਸਿਪਾਹੀ, (*v*) ਘੱਲੂਘਾਰਿਆਂ ਦੀ ਭੇਟ ਹੋ ਗਿਆ, (*vi*) ਗੁਰੂ ਗੋਬਿੰਦ ਸਿੰਘ ਜੀ ।

**2. ਉੱਤਰ**–

(*i*) ਗਊਆਂ ਤੇ ਮੱਝਾਂ ਹਰਾ-ਹਰਾ ਘਾਹ ਚਰ ਰਹੀਆਂ ਹਨ ।

(*ii*) ਚੁਗ ਕੇ ਰੱਜੇ ਹੋਏ ਪਸ਼ੂ ਨੱਸਦੇ ਫਿਰਦੇ ਹਨ ।

(*iii*) ਪਸ਼ੂਆਂ ਨੇ ।

(*iv*) ਕਵੀ ਆਦਮੀ ਬਣ-ਬਣ ਕੇ ਥੱਕ ਚੁੱਕਾ ਮਹਿਸੂਸ ਕਰਦਾ ਹੈ ਤੇ ਪਸ਼ੂ ਬਣਨਾ ਚਾਹੁੰਦਾ ਹੈ ।

**3. ਉੱਤਰ**–(*i*) ਦੋ ਸ਼ਬਦਾਂ ਨੂੰ ਜੋੜਨਾ (*ii*) ਸੈਨਾ-ਪਤੀ (*iii*) ਭੇਡ-ਚਾਲ ।

**4. ਉੱਤਰ**–(*i*) ਘੜੀ, ਘੋੜੀ (*ii*) ਪਿਘਲਾ (*iii*) ਉਪਜ ।

**5. ਉੱਤਰ**–(*i*) ਕਾਲਵਾਚਕ (*ii*) ਜ਼ਰੂਰ/ਬਿਲਕੁਲ/ਵੀ/ਹੀ/ਸਚਮੁੱਚ/ਸ਼ਾਇਦ/ਹਾਂ ਜੀ (*iii*) ਨਿਰਣਾਵਾਚਕ ।

**6.** (*i*) **ਉੱਤਰ**–(ੳ) ਗ਼ੈਰਹਾਜ਼ਰ, ਗ਼ੈਰਕੌਮ ।

(ਅ) ਨਿਰਵੈਰ, ਨਿਰਧਨ ।

(*ii*) (ੳ) ਬਲਹੀਣ, ਬੁੱਧਹੀਣ

(ਅ) ਹੈਰਾਨੀਜਨਕ, ਆਸ਼ਾਜਨਕ ।

**7. ਉੱਤਰ**–

***(i)*** **ਕੁੱਤੇ ਦੇ ਠੀਕਰੇ ਪਾਣੀ ਪਿਲਾਉਣਾ** (ਬਹੁਤ ਨਿਰਾਦਰੀ ਕਰਨੀ)–ਦਿਰਾਣੀ ਨੇ ਜਿਠਾਣੀ ਨੂੰ ਕਿਹਾ ਕਿ ਅੱਜ ਤੂੰ ਮੇਰੀ ਬਦਨਾਮੀ ਕੀਤੀ ਹੈ, ਕਲ੍ਹ ਮੈਂ ਵੀ ਤੈਨੂੰ **ਕੁੱਤੇ ਦੇ ਠੀਕਰੇ ਪਾਣੀ ਪਿਲਾ ਕੇ ਛੱਡਾਂਗੀ ।**

***(ii)*** **ਖ਼ੂਨ ਦੀ ਮਹਿੰਦੀ ਲਾਉਣਾ** (ਜਾਨ ਦੀ ਪਰਵਾਹ ਨਾ ਕਰਦਿਆਂ ਲੜਨਾ)–ਸੂਰਮੇ ਜੰਗ ਵਿਚ **ਖ਼ੂਨ ਦੀ ਮਹਿੰਦੀ ਲਾ ਕੇ ਲੜਦੇ** ਹਨ ।

***(iii)*** **ਗਲ ਪੱਲਾ ਮੂੰਹ ਘਾਹ ਲੈਣਾ** (ਬਹੁਤ ਅਧੀਨਗੀ ਵਿਖਾਉਣੀ)–1971 ਵਿਚ ਭਾਰਤ-ਪਾਕਿਸਤਾਨ ਵਿਚਕਾਰ ਬੰਗਲਾ ਦੇਸ਼ ਦੇ ਸੰਬੰਧ ਵਿਚ ਹੋਈ ਲੜਾਈ ਵਿਚ ਹਾਰੀ ਪਾਕਿਸਤਾਨੀ ਫ਼ੌਜ ਦੇ ਜਨਰਲ ਨਿਆਜ਼ੀ ਨੇ **ਗੱਲ ਪੱਲਾ ਮੂੰਹ ਘਾਹ ਲੈ ਕੇ** ਆਪਣੀਆਂ ਫ਼ੌਜਾਂ ਸਮੇਤ ਭਾਰਤੀ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਆਤਮ-ਸਮਰਪਣ ਕਰ ਦਿੱਤਾ ।

***(iv)*** **ਘਰ ਸਿਰ 'ਤੇ ਚੁੱਕਣਾ** (ਬਹੁਤ ਰੌਲਾ ਪਾਉਣਾ)–ਜਦੋਂ ਮੈਂ ਦੁਪਹਿਰ ਨੂੰ ਸੌਂ ਰਿਹਾ ਸੀ, ਤਾਂ ਗਲੀ ਦੇ ਨਿਆਣਿਆਂ ਨੇ ਸਾਡੇ ਵਿਹੜੇ ਵਿਚ ਰੌਲਾ ਪਾ ਕੇ **ਘਰ ਸਿਰ 'ਤੇ ਚੁੱਕ ਲਿਆ** ।

***(v)*** **ਚੂਲ ਵਿੰਗੀ ਹੋਣਾ** (ਬਿਮਾਰ ਹੋਣਾ, ਨਰਾਜ਼ ਹੋਣਾ)–ਮੇਰਾ ਭਰਾ ਅੱਜ-ਕਲ੍ਹ ਮੇਰੇ ਨਾਲ ਬੋਲਦਾ ਨਹੀਂ, ਪਤਾ ਨਹੀਂ ਉਸ ਦੀ **ਚੂਲ ਕਿਉਂ ਵਿੰਗੀ** ਹੈ ।

***(vi)*** **ਜਾਨ ਸੁੱਕਣਾ** (ਸਹਿਮ ਜਾਣਾ)–ਗੁਆਂਢੀਆਂ ਦੇ ਘਰ ਅੱਗ ਲੱਗੀ ਦੇਖ ਕੇ ਮੇਰੀ ਤਾਂ **ਜਾਨ ਹੀ ਸੁੱਕ** ਗਈ ।

**8. ਉੱਤਰ**–

### (*i*) ਅਖ਼ਬਾਰਾਂ

ਅਖ਼ਬਾਰਾਂ ਵਰਤਮਾਨ ਜੀਵਨ ਦਾ ਇਕ ਮਹੱਤਵਪੂਰਨ ਅੰਗ ਹਨ । ਇਹ ਮਨੁੱਖ ਦੀ ਵੱਧ ਤੋਂ ਵੱਧ ਜਾਣਨ ਦੀ ਰੁਚੀ ਨੂੰ ਸੰਤੁਸ਼ਟ ਕਰਦੀਆਂ ਹਨ । ਸਵੇਰੇ ਉੱਠਦਿਆਂ ਤਾਜ਼ੀਆਂ ਤੇ ਗਰਮਾ-ਗਰਮ ਖ਼ਬਰਾਂ ਨਾਲ ਭਰੀ ਅਖ਼ਬਾਰ ਜਦੋਂ ਘਰ ਆ ਜਾਂਦੀ ਹੈ, ਤਾਂ ਅਸੀਂ ਸਭ ਕੁੱਝ ਛੱਡ ਕੇ ਇਸ ਨੂੰ ਫੜ ਲੈਂਦੇ ਹਾਂ ਤੇ ਜਦੋਂ ਤਕ ਇਸ ਵਿਚੋਂ ਮਹੱਤਵਪੂਰਨ ਖ਼ਬਰਾਂ ਨੂੰ ਪੜ੍ਹ ਨਹੀਂ ਲੈਂਦੇ, ਸਾਡਾ ਇਸ ਨੂੰ ਛੱਡਣ ਲਈ ਜੀ ਨਹੀਂ ਕਰਦਾ ।

ਅਖ਼ਬਾਰਾਂ ਦੀ ਅਜੋਕੇ ਜੀਵਨ ਵਿਚ ਸਾਰਥਕਤਾ ਨੂੰ ਦੇਖ ਕੇ ਹਰ ਰਾਜਨੀਤਿਕ ਪਾਰਟੀ, ਧਾਰਮਿਕ ਸੰਸਥਾ, ਲੋਕ-ਭਲਾਈ ਜਾਂ ਵਪਾਰਕ ਸੰਸਥਾ ਲੋਕਾਂ ਤਕ ਆਪਣੇ ਵਿਚਾਰ ਪੇਸ਼ ਕਰਨ ਲਈ ਕੋਈ ਨਾ ਕੋਈ ਅਖ਼ਬਾਰ ਕੱਢਣ ਦੇ ਯਤਨ ਵਿਚ ਰਹਿੰਦੀ ਹੈ । ਬਹੁਤ ਸਾਰੀਆਂ ਅਖ਼ਬਾਰਾਂ ਬੁੱਧੀਜੀਵੀ ਲੋਕਾਂ ਵਲੋਂ ਵਿਅਕਤੀਗਤ ਤੌਰ 'ਤੇ ਵੀ ਕੱਢੀਆਂ ਜਾਂਦੀਆਂ ਹਨ । ਇਨ੍ਹਾਂ ਦੀ ਵੱਡੀ ਮੰਗ ਕਾਰਨ ਹੀ ਆਫ਼-ਸੈੱਟ ਤੇ ਕੰਪਿਊਟ੍ਰੀਕ੍ਰਿਤ ਆਦਿ ਮਸ਼ੀਨਾਂ ਦੀ ਮੱਦਦ ਨਾਲ ਇਨ੍ਹਾਂ ਨੂੰ ਵੱਡੀ ਗਿਣਤੀ ਵਿਚ ਛਾਪਿਆ ਜਾਂਦਾ ਹੈ । ਸਰਕਾਰ ਵੀ ਇਨ੍ਹਾਂ ਨੂੰ ਲੋਕਾਂ ਤੱਕ ਪੁਚਾਉਣ ਲਈ ਡਾਕ ਤੇ ਢੋਆ-ਢੁਆਈ ਦੀਆਂ ਸਹੂਲਤਾਂ ਦਿੰਦੀ ਹੈ ਅਤੇ ਇਸ਼ਤਿਹਾਰਾਂ ਨਾਲ ਇਨ੍ਹਾਂ ਦੀ ਸਹਾਇਤਾ ਵੀ ਕਰਦੀ ਹੈ ।

ਅਖ਼ਬਾਰਾਂ ਦਾ ਮਨੁੱਖੀ ਜੀਵਨ ਨੂੰ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਸਾਨੂੰ ਦੁਨੀਆ ਭਰ ਦੀਆਂ ਖ਼ਬਰਾਂ ਲਿਆ ਦਿੰਦੀਆਂ ਹਨ । ਅਸੀਂ ਘਰ ਬੈਠੇ-ਬਿਠਾਏ ਸੰਸਾਰ ਭਰ ਦੇ ਹਾਲਾਤਾਂ ਤੋਂ ਜਾਣੂ ਹੋ ਜਾਂਦੇ ਹਾਂ । ਇਹ ਵਰਤਮਾਨ ਕਾਲ ਵਿਚ ਸੰਚਾਰ ਦਾ ਲੋਕ-ਪ੍ਰਿਅ ਸਾਧਨ ਹਨ । ਇਨ੍ਹਾਂ ਤੋਂ ਅਸੀਂ ਭਿੰਨ-ਭਿੰਨ ਪ੍ਰਕਾਰ ਦੀ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹਾਂ । ਇਨ੍ਹਾਂ ਨੂੰ ਗਿਆਨ ਦਾ ਸੋਮਾ ਕਿਹਾ ਜਾਵੇ, ਤਾਂ ਗ਼ਲਤ ਨਹੀਂ । ਇਨ੍ਹਾਂ ਤੋਂ ਸਾਨੂੰ ਰੁਜ਼ਗਾਰ ਲਈ ਖ਼ਾਲੀ ਥਾਂਵਾਂ ਤੇ ਨਵੇਂ ਰਿਸ਼ਤੇ ਲੱਭਣ ਵਿਚ ਵੀ ਸਹਾਇਤਾ ਮਿਲਦੀ ਹੈ । ਇਸ ਤਰ੍ਹਾਂ ਇਹ ਹਰ ਘਰ ਵਿਚ ਨਵੀਂ ਆਸ ਦੀ ਕਿਰਨ ਲੈ ਕੇ ਆਉਂਦੀਆਂ ਹਨ ।

ਅਖ਼ਬਾਰਾਂ ਵਰਤਮਾਨ ਜੀਵਨ ਵਿਚ ਮਨੋਰੰਜਨ ਦਾ ਸਾਧਨ ਵੀ ਹਨ । ਇਨ੍ਹਾਂ ਵਿਚ ਛਪੀਆਂ ਖ਼ਬਰਾਂ, ਕਹਾਣੀਆਂ, ਚੁਟਕਲੇ ਤੇ ਵਿਅੰਗਾਤਮਿਕ ਲੇਖ ਪਾਠਕਾਂ ਦਾ ਕਾਫ਼ੀ ਮਨੋਰੰਜਨ ਕਰਦੇ ਹਨ । ਅਖ਼ਬਾਰਾਂ ਨੂੰ ਸਾਡੇ ਜੀਵਨ ਲਈ ਹੋਰ ਵੀ ਸਾਰਥਕ ਬਣਾਇਆ ਜਾ ਸਕਦਾ ਹੈ, ਜੇਕਰ ਇਹ ਭੜਕਾਊ ਖ਼ਬਰਾਂ ਤੇ ਵਿਚਾਰ, ਅਸ਼ਲੀਲ ਫੋਟੋਆਂ ਤੇ ਮਨਘੜਤ ਕਹਾਣੀਆਂ ਨਾ ਛਾਪਣ ।

### (*ii*) ਵਿਦਿਆਰਥੀ ਅਤੇ ਖੇਡਾਂ

ਖੇਡਾਂ ਦੀ ਵਿਦਿਆਰਥੀ ਹੀ ਨਹੀਂ, ਸਗੋਂ ਸਮੁੱਚੇ ਮਨੁੱਖੀ ਜੀਵਨ ਵਿਚ ਬਹੁਤ ਮਹਾਨਤਾ ਹੈ । ਖੇਡਾਂ ਤੋਂ ਬਿਨਾਂ ਵਿੱਦਿਆ ਅਧੂਰੀ ਰਹਿੰਦੀ ਹੈ । ਖੇਡਾਂ ਕੇਵਲ ਸਾਡਾ ਦਿਲ-ਪਰਚਾਵਾ ਕਰ ਕੇ ਸਾਡੇ ਸਰੀਰ ਅਤੇ

ਦਿਮਾਗ਼ ਦੋਹਾਂ ਨੂੰ ਅਰੋਗ ਹੀ ਨਹੀਂ ਰੱਖਦੀਆਂ, ਸਗੋਂ ਇਨ੍ਹਾਂ ਦੀ ਭਾਰੀ ਵਿੱਦਿਅਕ ਮਹਾਨਤਾ ਵੀ ਹੈ ।

ਇਕ ਵਿਦਿਆਰਥੀ ਦੇ ਸਰੀਰਕ ਤੇ ਮਾਨਸਿਕ ਵਿਅਕਤਿੱਤਵ ਦੇ ਵਿਕਾਸ ਲਈ ਇਨ੍ਹਾਂ ਦੀ ਅਤਿਅੰਤ ਲੋੜ ਰਹਿੰਦੀ ਹੈ । ਜਿੱਥੇ ਸਰੀਰ ਨੂੰ ਤਕੜਾ ਤੇ ਤੰਦਰੁਸਤ ਰੱਖਣ ਲਈ ਖ਼ੁਰਾਕ ਆਪਣਾ ਹਿੱਸਾ ਪਾਉਂਦੀ ਹੈ, ਉੱਥੇ ਖੇਡਾਂ ਸਰੀਰ ਨੂੰ ਖ਼ੁਰਾਕ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੇ ਯੋਗ ਬਣਾਉਂਦੀਆਂ ਹਨ । ਇਹ ਸਾਡੇ ਦਿਨ ਭਰ ਦੇ ਸਰੀਰਕ ਤੇ ਦਿਮਾਗ਼ੀ ਥਕੇਵੇਂ ਨੂੰ ਦੂਰ ਕਰ ਦਿੰਦੀਆਂ ਹਨ ਤੇ ਸਾਨੂੰ ਤਾਜ਼ਗੀ ਤੇ ਫ਼ੁਰਤੀ ਬਖ਼ਸ਼ਦੀਆਂ ਹਨ । ਹਰ ਰੋਜ਼ ਖੇਡਾਂ ਵਿਚ ਭਾਗ ਲੈਣ ਵਾਲੇ ਮਨੁੱਖਾਂ ਦਾ ਸਰੀਰ ਅਰੋਗ ਰਹਿੰਦਾ ਹੈ ਤੇ ਉਨ੍ਹਾਂ ਦੇ ਅੰਦਰ ਬਿਮਾਰੀਆਂ ਦਾ ਟਾਕਰਾ ਕਰਨ ਲਈ ਅਥਾਹ ਸ਼ਕਤੀ ਪੈਦਾ ਹੋ ਜਾਂਦੀ ਹੈ । ਖੇਡਾਂ ਵਿਚ ਭਾਗ ਲੈ ਕੇ ਸਰੀਰ ਨੂੰ ਅਰੋਗ ਰੱਖਣ ਵਾਲਾ ਮਨੁੱਖ ਨਾ ਕੇਵਲ ਚੁਸਤੀ, ਫ਼ੁਰਤੀ ਤੇ ਖਿੜਾਓ ਦਾ ਆਨੰਦ ਹੀ ਮਾਣਦਾ ਹੈ, ਸਗੋਂ ਉਹ ਆਪਣੇ ਦਿਮਾਗ਼ ਨੂੰ ਵੱਧ ਤੋਂ ਵੱਧ ਕੰਮ ਲੈਣ ਦੇ ਯੋਗ ਬਣਾ ਲੈਂਦਾ ਹੈ । ਉਸ ਦਾ ਦਿਮਾਗ਼ ਤਾਜ਼ਾ ਤੇ ਚੁਸਤ ਰਹਿੰਦਾ ਹੈ । ਉਸ ਦੀ ਯਾਦ-ਸ਼ਕਤੀ ਅਤੇ ਸੋਚ-ਸ਼ਕਤੀ ਵਧਦੀ ਹੈ ।

ਕੇਵਲ ਇਹ ਹੀ ਨਹੀਂ ਖੇਡਾਂ ਸਾਡੇ ਆਚਰਨ ਦੀ ਉਸਾਰੀ ਵਿਚ ਵੀ ਭਾਰੀ ਹਿੱਸਾ ਪਾਉਂਦੀਆਂ ਹਨ । ਖੇਡਾਂ ਦੇ ਨਿਯਮਾਂ ਦੀ ਪਾਲਣਾ ਕਰ ਕੇ ਅਸੀਂ ਅਨੁਸ਼ਾਸਨ ਵਿਚ ਰਹਿਣਾ ਸਿੱਖਦੇ ਹਾਂ । ਸਾਡੇ ਵਿਚ ਮਿਲਵਰਤਨ, ਇਕ-ਦੂਜੇ ਦੀ ਸਹਾਇਤਾ ਕਰਨ, ਇਕ-ਦੂਜੇ ਨਾਲ ਚੰਗਾ-ਵਰਤਾਓ ਕਰਨ, ਕਿਸੇ ਨਾਲ ਵਧੀਕੀ ਨਾ ਕਰਨ, ਆਪਣੀ ਗ਼ਲਤੀ ਨੂੰ ਮੰਨ ਲੈਣ, ਧੋਖਾ ਨਾ ਕਰਨ, ਕਪਤਾਨ ਦਾ ਹੁਕਮ ਮੰਨਣ, ਆਪਣੀ ਜਿੱਤ ਲਈ ਜ਼ੋਰ ਲਾਉਣ, ਨਿਰਾਸ਼ ਨਾ ਹੋਣ ਤੇ ਆਸ਼ਾਵਾਦੀ ਰਹਿਣ ਦੇ ਗੁਣ ਪੈਦਾ ਹੁੰਦੇ ਹਨ । ਨਾਲ ਹੀ ਜਿੱਥੇ ਇਹ ਸਾਡੇ ਦਿਲ-ਪਰਚਾਵੇ ਦਾ ਵਧੀਆ ਸਾਧਨ ਹਨ, ਉੱਥੇ ਇਹ ਸਾਡੇ ਮਨ ਵਿਚ ਟਿਕਾਓ ਤੇ ਇਕਾਗਰਤਾ ਵੀ ਪੈਦਾ ਕਰਦੀਆਂ ਹਨ । ਮੁਕਾਬਲੇ ਦੀਆਂ ਖੇਡਾਂ ਸਾਡੇ ਆਤਮ-ਗੌਰਵ ਤੇ ਦੂਸਰਿਆਂ ਤੋਂ ਅੱਗੇ ਨਿਕਲਣ ਦੀਆਂ ਰੁਚੀਆਂ ਨੂੰ ਸੰਤੁਸ਼ਟ ਕਰ ਕੇ ਮਨ ਵਿਚ ਸੰਤੁਸ਼ਟੀ ਤੇ ਟਿਕਾਓ ਪੈਦਾ ਕਰਦੀਆਂ ਹਨ ।

ਇਸ ਪ੍ਰਕਾਰ ਖੇਡਾਂ ਦੇ ਬਹੁਤ ਸਾਰੇ ਸਰੀਰਕ ਤੇ ਮਾਨਸਿਕ ਲਾਭ ਹੋਣ ਕਰਕੇ ਇਨ੍ਹਾਂ ਦੀ ਸਾਡੇ ਜੀਵਨ ਵਿਚ ਬਹੁਤ ਮਹਾਨਤਾ ਹੈ ਪਰ ਸਾਨੂੰ ਇਨ੍ਹਾਂ ਵਿਚ ਲੋੜ ਤੋਂ ਵੱਧ ਖਚਤ ਹੋ ਕੇ ਆਪਣਾ ਬਹੁਤਾ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ । ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ 'ਖੇਡਾਂ ਜੀਵਨ ਲਈ ਹਨ ਨਾ ਕਿ ਜੀਵਨ ਖੇਡਾਂ ਲਈ ।'

### (*iii*) ਇੰਟਰਨੈੱਟ

ਇੰਟਰਨੈੱਟ ਉਸ ਵਿਵਸਥਾ ਦਾ ਨਾਂ ਹੈ, ਜਿਸ ਰਾਹੀਂ ਦੁਨੀਆ ਭਰ ਦੇ ਕੰਪਿਊਟਰ ਇਕ-ਦੂਜੇ ਨਾਲ ਜੁੜੇ ਰਹਿੰਦੇ ਹਨ ਤੇ ਉਹ ਇਕ-ਦੂਜੇ ਨੂੰ ਸੰਦੇਸ਼ ਭੇਜ ਤੇ ਪ੍ਰਾਪਤ ਕਰ ਸਕਦੇ ਹਨ ਅਤੇ ਇਕ-ਦੂਜੇ ਵਿਚ ਮੌਜੂਦ ਸੂਚਨਾ ਦਾ ਆਦਾਨ-ਪ੍ਰਦਾਨ ਕਰ ਸਕਦੇ ਹਨ । ਇਹ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਅਸੀਂ ਦੁਨੀਆ ਵਿਚ ਕਿਸੇ ਵੀ ਥਾਂ ਬੈਠੇ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਗੱਲਾਂ-ਬਾਤਾਂ ਕਰ ਸਕਦੇ ਹਾਂ ਜਾਂ ਉਨ੍ਹਾਂ ਨੂੰ ਸੂਚਨਾ ਭੇਜ ਸਕਦੇ ਹਾਂ । ਇਹ ਸਾਧਨਾਂ ਦਾ ਇਕ ਅਜਿਹਾ ਸਮੁੰਦਰ ਹੈ, ਜਿਹੜਾ ਇੰਤਜ਼ਾਰ ਕਰਦਾ ਹੈ ਕਿ ਤੁਸੀਂ ਇਸ ਨੂੰ ਰਿੜਕੋ ਤੇ ਇਸ ਵਿਚੋਂ ਚੌਦਾਂ ਨਹੀਂ ਅਣਗਿਣਤ ਰਤਨ ਕੱਢੋ । ਇਸ ਵਿਚ ਵਣਜ-ਵਪਾਰ ਤੇ ਮੇਲ-ਮਿਲਾਪ ਦੇ ਅਸੀਮਿਤ ਸ਼ੁੱਭ ਮੌਕੇ ਮੌਜੂਦ ਹਨ । ਇਹ ਆਪਣੇ ਕੰਮਾਂ ਲਈ ਸੂਚਨਾ ਦਾ ਆਦਾਨ-ਪ੍ਰਦਾਨ ਕਰਨ ਵਾਲੇ ਕਿੱਤਾਕਾਰਾਂ ਲਈ ਇਕ ਬਹੁਮੁੱਲੀ ਤੇ ਅਣਮੁੱਕ ਖਾਣ ਹੈ । ਇਸ ਵਿਚ ਮੌਜੂਦ ਸੈਂਕੜੇ ਅਜਿਹੀਆਂ ਲਾਇਬਰੇਰੀਆਂ ਅਤੇ ਆਰਕਾਈਵਾਂ ਤੁਹਾਡੀਆਂ ਉਂਗਲਾਂ ਦੇ ਪੋਟਿਆਂ ਉੱਤੇ ਖੁੱਲ੍ਹ ਜਾਂਦੀਆਂ ਹਨ । ਵਿਦਵਾਨਾਂ ਲਈ ਇਸ ਵਿਚ ਸੋਧ-ਪੱਤਰਾਂ ਲਈ ਖ਼ੋਜ ਤੇ ਵਪਾਰੀਆਂ ਲਈ ਵਪਾਰ ਕਰਨ ਦੇ ਅਨੇਕਾਂ ਬਹੁਮੁੱਲੇ ਸੋਮੇ ਮੌਜੂਦ ਹਨ । ਇੰਟਰਨੈੱਟ ਵਿਚ ਪੈਦਾ ਹੋ ਰਹੇ ਨਵੇਂ ਝੁਕਾ ਅਤੇ ਤਕਨੀਕਾਂ ਇਸ ਗੱਲ ਦੀਆਂ ਸੂਚਕ ਹਨ ਕਿ ਭਵਿੱਖ ਵਿਚ ਇਸਦਾ ਮਨੁੱਖੀ ਜੀਵਨ ਵਿਚ ਕਿੰਨਾ ਮਹੱਤਵਪੂਰਨ ਰੋਲ ਹੋਵੇਗਾ । ਇੰਟਰਨੈੱਟ ਉੱਤੇ ਖ਼ਬਰਾਂ ਦੀ ਤਟਫਟ ਆਨਲਾਈਨ ਰਿਪੋਰਟਿੰਗ ਜਾਂ ਸਾਖਿਅਤ ਵੈੱਬ-ਕਾਸਟਿੰਗ ਨੇ ਖ਼ਬਰਾਂ ਪੁਚਾਉਣ ਦੇ ਖੇਤਰ ਵਿਚ ਨਵੇਂ ਪਸਾਰ ਖੋਲ੍ਹ ਦਿੱਤੇ ਹਨ ਤੇ ਮਲਟੀਮੀਡੀਆ ਇੰਟਰਨੈੱਟ ਦਾ ਇਕ ਅਟੁੱਟ ਹਿੱਸਾ ਬਣ ਗਿਆ ਹੈ । ਈ-ਕਾਮਰਸ ਦਾ ਵਿਕਾਸ ਇੰਟਰਨੈੱਟ ਦੀ ਇਕ ਹੋਰ ਹੈਰਾਨ ਕਰਨ ਵਾਲੀ ਦੇਣ ਹੈ । ਇਸ ਮਾਧਿਅਮ ਦੀ ਸਮਰੱਥਾ ਦੀ ਖੋਜ ਕਰਨ ਲਈ ਵੱਧ ਤੋਂ ਵੱਧ ਕੰਪਨੀਆਂ ਅੱਗੇ ਆ ਰਹੀਆਂ ਹਨ ਅਤੇ ਇੰਟਰਨੈੱਟ ਉੱਤੇ ਉਹ ਸੱਚਮੁੱਚ ਦੇ ਸ਼ੋ-ਰੂਮ ਸਥਾਪਤ ਕਰ ਦਿੱਤੇ ਹਨ, ਜਿਨ੍ਹਾਂ ਤਕ ਦੁਨੀਆ ਵਿਚ ਕਿਸੇ ਥਾਂ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਵਿਅਕਤੀ ਮਾਊਸ ਨੂੰ ਕਲਿੱਕ ਕਰ ਕੇ ਪਹੁੰਚ ਕਰ ਸਕਦਾ ਹੈ ਅਤੇ ਉਹ ਉਸ ਉੱਤੇ ਇਲੈੱਕਟ੍ਰਾਨਿਕ ਕੈਟਾਲਾਗ, ਉਤਪਾਦਨ ਤਸਵੀਰਾਂ, ਪ੍ਰਦਰਸ਼ਨ ਅਤੇ ਹੋਰ ਜਾਣਕਾਰੀ ਨੂੰ ਦੇਖ ਕੇ ਆਪਣੇ ਕ੍ਰੈਡਿਟ ਕਾਰਡ ਦੀ ਵਰਤੋਂ ਕਰਦਾ ਹੋਇਆ ਕਿਸੇ ਵੀ ਚੀਜ਼ ਨੂੰ ਖ਼ਰੀਦਣ ਲਈ ਆਰਡਰ ਦੇ ਸਕਦਾ ਹੈ । ਬੈਂਕਾਂ ਦਾ ਏ.ਟੀ.ਐੱਮ. (ATM) ਤੇ ਜੀ.ਪੀ. ਐੱਸ. ਇਸੇ ਦਾ ਹੀ ਹਿੱਸਾ ਹਨ । ਫੇਸ ਬੁੱਕ ਤੇ ਹੋਰ ਸੋਸ਼ਲ ਨੈੱਟਵਰਕ ਅਜਿਹੇ ਸਾਧਨ ਹਨ, ਜਿਨ੍ਹਾਂ ਨਾਲ ਤੁਸੀਂ ਆਪਣੇ ਸੰਬੰਧਾਂ ਤੇ ਮਿੱਤਰਤਾ ਦਾ ਘੇਰਾ ਜਿੰਨਾ ਚਾਹੋ ਵਿਸ਼ਾਲ ਕਰ ਸਕਦੇ ਹੋ । ਇਸ ਦੇ ਨਾਲ ਹੀ ਇਸ ਵਿਚ ਉਹ ਸ਼ੈਤਾਨੀ ਸਾਮਗਰੀ ਤੇ ਪਾਤਰ ਵੀ ਛਿਪੇ ਹੋਏ ਹਨ, ਜਿਹੜੇ ਆਪਣੀ ਵਿਨਾਸ਼ਕਾਰੀ ਭੂਮਿਕਾ ਅਦਾ ਕਰਨ ਲਈ ਤਿਆਰ ਰਹਿੰਦੇ ਹਨ । ਇਸ ਵਿਚ ਬਹੁਤ ਸਾਰੀ ਅਸ਼ਲੀਲ, ਗੁਮਰਾਹਕੁਨ, ਭੁਚਲਾਊ, ਉਜਾੜਾ ਪਾਉਣ ਵਾਲੀ ਤੇ ਜੂਏਬਾਜ਼ੀ ਦੀ ਲਤ ਲਾਉਣ ਵਾਲੀ ਅਤਿ ਖ਼ਤਰਨਾਕ ਸਾਮਗਰੀ ਵੀ ਮੌਜੂਦ ਹੈ, ਜਿਸ ਤੋਂ ਬੱਚਿਆਂ ਤੇ ਨੌਜਵਾਨਾਂ ਨੂੰ ਬਚਣਾ ਚਾਹੀਦਾ ਹੈ । ਇਸ ਤੋਂ ਇਲਾਵਾ ਇੰਟਰਨੈੱਟ ਸਮੇਂ ਦਾ ਨਾਸ਼ ਕਰਨ ਵਾਲਾ ਤਾਂ ਹੈ ਹੀ । ਇਸ ਦੇ ਬਾਵਜੂਦ ਵੀ ਇਹ ਭਵਿੱਖ ਦੀ ਅਜਿਹੀ ਤਕਨਾਲੋਜੀ ਹੈ, ਜਿਹੜੀ ਸਾਡੀ ਤੇ ਸਾਡੇ ਬੱਚਿਆਂ ਦੀ ਜ਼ਿੰਦਗੀ ਨੂੰ ਨਿਸਚੇ ਹੀ ਤੇਜ਼, ਸੁਚੇਤ, ਅਚੂਕ ਤੇ ਖ਼ੂਬਸੂਰਤ ਬਣਾਏਗੀ ।

HOLY FAITH INTERNATIONAL (P) LTD.

**9. ਉੱਤਰ–**

ਪ੍ਰੀਖਿਆ ਭਵਨ,
......... ਸਕੂਲ,
......... ਸ਼ਹਿਰ ।
4 ਫ਼ਰਵਰੀ, 20...
ਸਤਿਕਾਰਯੋਗ ਚਾਚਾ ਜੀ,
ਸਤਿ ਸ੍ਰੀ ਅਕਾਲ ।

ਮੈਨੂੰ ਆਪ ਦੁਆਰਾ ਮੇਰੇ ਜਨਮ ਦਿਨ ਉੱਤੇ ਤੋਹਫ਼ੇ ਦੇ ਤੌਰ 'ਤੇ ਭੇਜੀ ਹੋਈ ਗੁੱਟ-ਘੜੀ ਮਿਲ ਗਈ ਹੈ । ਮੈਨੂੰ ਆਪ ਦੇ ਭੇਜੇ ਹੋਏ ਇਸ ਬਹੁਮੁੱਲੇ ਤੋਹਫ਼ੇ ਦੀ ਤਾਰੀਫ਼ ਕਰਨ ਲਈ ਸ਼ਬਦ ਨਹੀਂ ਲੱਭਦੇ । ਮੈਨੂੰ ਘੜੀ ਦੀ ਬਹੁਤ ਜ਼ਰੂਰਤ ਸੀ ਤੇ ਜਦੋਂ ਮੈਂ ਆਪ ਵਲੋਂ ਭੇਜੀ ਹੋਈ ਇਹ ਸੁੰਦਰ ਇਲੈੱਕਟ੍ਰਾਨਿਕ ਘੜੀ ਦੇਖੀ, ਤਾਂ ਮੇਰਾ ਮਨ ਨੱਚ ਉੱਠਿਆ । ਫਿਰ ਮੈਨੂੰ ਤਾਂ ਕੇਵਲ ਸਮਾਂ ਦੇਖਣ ਲਈ ਹੀ ਘੜੀ ਦੀ ਜ਼ਰੂਰਤ ਸੀ, ਪਰ ਇਹ ਦਿਨ,ਤਾਰੀਖ਼ ਤੇ ਮਹੀਨਾ ਵੀ ਦੱਸਦੀ ਹੈ । ਇਸ ਤੋਂ ਇਲਾਵਾ ਇਸ ਵਿਚ ਸਟਾਪ ਵਾਚ, ਗੇਮਾਂ ਤੇ ਅਲਾਰਮ ਦੇ ਕਾਰਜ ਵੀ ਹਨ । ਮੈਨੂੰ ਇਹ ਘੜੀ ਬਹੁਤ ਹੀ ਚੰਗੀ ਲੱਗੀ ਹੈ । ਮੇਰੇ ਚਾਚਾ ਜੀ ਤੁਸੀਂ ਕਿੰਨੇ ਚੰਗੇ ਹੋ, ਜੋ ਆਪਣੇ ਭਤੀਜੇ ਦਾ ਇੰਨਾ ਖ਼ਿਆਲ ਰੱਖਦੇ ਹੋ ।

ਮੇਰੇ ਇਮਤਿਹਾਨ ਨੇੜੇ ਆ ਰਹੇ ਹਨ । ਮੇਰੇ ਕੋਲ ਟਾਈਮ ਦੇਖਣ ਲਈ ਕੋਈ ਘੜੀ ਨਹੀਂ ਸੀ । ਪਰ ਆਪ ਦੀ ਭੇਜੀ ਹੋਈ ਘੜੀ ਨੇ ਬੜੇ ਮੌਕੇ ਸਿਰ ਮੇਰੀ ਜ਼ਰੂਰਤ ਪੂਰੀ ਕੀਤੀ ਹੈ । ਜਿਸ ਦਿਨ ਦੀ ਮੈਨੂੰ ਇਹ ਮਿਲੀ ਹੈ, ਮੇਰਾ ਜੀਵਨ ਬੜਾ ਨਿਯਮਬੱਧ ਹੋ ਗਿਆ ਹੈ । ਮੈਂ ਸਮੇਂ ਸਿਰ ਸੌਂਦਾ, ਜਾਗਦਾ, ਪੜ੍ਹਦਾ ਤੇ ਖਾਂਦਾ-ਪੀਂਦਾ ਹਾਂ । ਮੈਂ ਦੇਖਿਆ ਹੈ ਕਿ ਨਿਯਮਬੱਧ ਕੰਮ ਕਰ ਕੇ ਮੈਂ ਦਿਨ ਵਿਚ ਬਹੁਤ ਸਾਰੇ ਕੰਮ ਮੁਕਾ ਲੈਂਦਾ ਹਾਂ, ਜਦ ਕਿ ਅੱਗੇ ਮੈਨੂੰ ਸਮੇਂ ਦਾ ਕੁੱਝ ਪਤਾ ਨਹੀਂ ਸੀ ਲਗਦਾ ਕਿ ਕਿਸ ਕੰਮ ਉੱਤੇ ਮੈਂ ਕਿੰਨਾ ਸਮਾਂ ਖ਼ਰਚ ਕੀਤਾ ਹੈ । ਮੈਂ ਆਪਣੇ ਜਨਮ-ਦਿਨ 'ਤੇ ਆਪ ਦੀ ਬੜੀ ਉਡੀਕ ਕੀਤੀ । ਅਸੀਂ ਉਸ ਦਿਨ ਇਕ ਛੋਟੀ ਜਿਹੀ ਪਾਰਟੀ ਦਾ ਵੀ ਪ੍ਰਬੰਧ ਕੀਤਾ ਤੇ ਮੈਂ ਆਪ ਦੀ ਭੇਜੀ ਹੋਈ ਘੜੀ ਆਪਣੇ ਮਿੱਤਰਾਂ ਨੂੰ ਦਿਖਾਈ, ਜਿਨ੍ਹਾਂ ਨੇ ਇਸ ਦੀ ਬਹੁਤ ਹੀ ਪ੍ਰਸੰਸਾ ਕੀਤੀ ।

ਮੈਨੂੰ ਉਮੀਦ ਹੈ ਕਿ ਭਵਿੱਖ ਵਿਚ ਆਪ ਦੇ ਭੇਜੇ ਹੋਏ ਤੋਹਫ਼ੇ ਮੇਰੇ ਲਈ ਇਸ ਘੜੀ ਵਾਂਗ ਹੀ ਸਹਾਇਕ ਸਿੱਧ ਹੁੰਦੇ ਰਹਿਣਗੇ ।

ਚਾਚੀ ਜੀ ਨੂੰ ਸਤਿ ਸ੍ਰੀ ਅਕਾਲ ਤੇ ਕੁੱਕੂ ਨੂੰ ਸ਼ੁੱਭ ਇੱਛਾਵਾਂ ।

ਆਪ ਦਾ ਭਤੀਜਾ,
ਰੋਲ ਨੰ:........।

ਟਿਕਟ

ਸ: ਗੁਰਬਖ਼ਸ਼ ਸਿੰਘ,
ਮਕਾਨ ਨੰ: 120E, ਗਲੀ ਨੰ:15,
ਛਾਉਣੀ ਮੁਹੱਲਾ,
ਲੁਧਿਆਣਾ ।

***ਜਾਂ***

**ਉੱਤਰ–**

16, ਬਹਾਦਰ ਨਗਰ,
ਜਲੰਧਰ ।
ਟੈਲੀਫੋਨ ........
26 ਦਸੰਬਰ, 20...

ਪੁਲਿਸ ਕਮਿਸ਼ਨਰ ਸਾਹਿਬ,
ਜ਼ਿਲ੍ਹਾ ਜਲੰਧਰ ।
ਜਲੰਧਰ ।

**ਵਿਸ਼ਾ**–ਬਹਾਦਰ ਨਗਰ ਵਿਚ ਵਧ ਰਹੀ ਗੁੰਡਾਗਰਦੀ ਤੇ ਚੋਰੀ ਦੀਆਂ ਵਾਰਦਾਤਾਂ ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਸਾਡੇ ਇਲਾਕੇ– ਬਹਾਦਰ ਨਗਰ ਵਿਚ ਗੁੰਡਾਗਰਦੀ ਤੇ ਚੋਰੀ ਦੀਆਂ ਵਾਰਦਾਤਾਂ ਦਿਨ-ਬ-ਦਿਨ ਵਧਦੀਆਂ ਜਾ ਰਹੀਆਂ ਹਨ, ਜਿਨ੍ਹਾਂ ਕਰਕੇ ਇੱਥੇ ਲੋਕਾਂ ਦੇ ਜਾਨ ਤੇ ਮਾਲ ਸੁਰੱਖਿਅਤ ਨਹੀਂ ਰਹੇ ਤੇ ਹਰ ਪਾਸੇ ਡਰ ਤੇ ਬੇਯਕੀਨੀ ਦਾ ਮਾਹੌਲ ਪਸਰਿਆ ਹੋਇਆ ਹੈ । ਅਜਿਹੀ ਸਥਿਤੀ ਵਿਚ ਅਮਨ ਪਸੰਦ ਲੋਕਾਂ ਅਤੇ ਧੀਆਂ-ਭੈਣਾਂ ਦਾ ਇਸ ਇਲਾਕੇ ਵਿਚ ਵਸਣਾ ਮੁਹਾਲ ਹੋ ਗਿਆ ਹੈ । ਹਰ ਹਫ਼ਤੇ ਦੋ-ਤਿੰਨ ਲੁੱਟ-ਖੋਹ ਦੀਆਂ ਵਾਰਦਾਤਾਂ ਹੋ ਜਾਂਦੀਆਂ ਹਨ । ਔਰਤਾਂ ਦੀਆਂ ਚੈਨੀਆਂ ਤੇ ਵਾਲ਼ੀਆਂ ਧੂਹੀਆਂ ਜਾਂਦੀਆਂ ਹਨ । ਦਿਨ-ਦਿਹਾੜੇ ਘਰਾਂ ਦੇ ਜਿੰਦਰੇ ਭੰਨ ਲਏ ਜਾਂਦੇ ਹਨ । ਰਾਹ ਜਾਂਦੀਆਂ ਔਰਤਾਂ ਨੂੰ ਮੁਸ਼ਟੰਡੇ ਲੋਕ ਟਿਚਕਰਾਂ ਕਰਦੇ ਹਨ । ਇਲਾਕੇ ਵਿਚ ਦਹਿਸ਼ਤ ਫੈਲੀ ਹੋਈ ਹੈ ਤੇ ਕੋਈ ਵੀ ਸੁਖ ਦਾ ਸਾਹ ਨਹੀਂ ਲੈ ਸਕਦਾ ।

ਆਪ ਨੂੰ ਇਹ ਸੂਚਿਤ ਕਰਨਾ ਵੀ ਆਪਣਾ ਫ਼ਰਜ਼ ਸਮਝਦਾ ਹਾਂ ਕਿ ਮੈਂ ਇਸ ਸੰਬੰਧ ਵਿਚ ਇਕ ਮਹੀਨਾ ਪਹਿਲਾਂ ਆਪਣੇ ਇਲਾਕੇ ਦੇ ਐੱਸ. ਐੱਚ. ਓ. ਨੂੰ ਵੀ ਚਿੱਠੀ ਲਿਖੀ ਸੀ ਅਤੇ ਫੇਰ ਡੀ. ਐੱਸ. ਪੀ. ਨੂੰ ਵੀ ਇਸ ਬਾਰੇ ਪ੍ਰਾਰਥਨਾ ਕੀਤੀ ਸੀ, ਪਰ ਉਨ੍ਹਾਂ ਦੋਹਾਂ ਚਿੱਠੀਆਂ ਵਿਚੋਂ ਕਿਸੇ ਦਾ ਕੋਈ ਜਵਾਬ ਨਹੀਂ ਆਇਆ ਅਤੇ ਨਾ ਹੀ ਇਸ ਬਾਰੇ ਕੋਈ ਕਾਰਵਾਈ ਹੋਈ ਹੈ । ਇਨ੍ਹਾਂ ਦੋਹਾਂ ਚਿੱਠੀਆਂ ਦੀਆਂ ਨਕਲਾਂ ਆਪ ਦੀ ਜਾਣਕਾਰੀ ਲਈ ਇਸ ਚਿੱਠੀ ਦੇ ਨਾਲ ਨੱਥੀ ਕੀਤੀਆਂ ਗਈਆਂ ਹਨ ।

ਆਪ ਅੱਗੇ ਪ੍ਰਾਰਥਨਾ ਹੈ ਕਿ ਆਪ ਇਸ ਸੰਬੰਧ ਵਿਚ ਯੋਗ ਕਾਰਵਾਈ ਕਰਨ ਦੀ ਕਿਰਪਾਲਤਾ ਕਰੋ । ਸਾਰਾ ਇਲਾਕਾ ਆਪ ਦਾ ਧੰਨਵਾਦੀ ਹੋਵੇਗਾ, ਜੇ ਕੁੱਝ ਸਿਪਾਹੀਆਂ ਦੀ ਦਿਨ ਵੇਲੇ ਅਤੇ ਕੁੱਝ ਸਿਪਾਹੀਆਂ ਦੀ ਰਾਤ ਵੇਲੇ ਇਲਾਕੇ ਵਿਚ ਗਸ਼ਤ ਕਰਨ ਦੀ ਡਿਊਟੀ ਲਾ ਦਿੱਤੀ ਜਾਵੇ ।

ਮੈਨੂੰ ਪੂਰੀ ਆਸ ਹੈ ਕਿ ਆਪ ਇਸ ਮਾਮਲੇ ਦੀ ਗੰਭੀਰਤਾ ਸਮਝਦੇ ਹੋਏ ਇਸ ਬਾਰੇ ਤੁਰੰਤ ਕਾਰਵਾਈ ਕਰਨ ਦੀ ਮਿਹਰਬਾਨੀ ਕਰੋਗੇ ।

ਧੰਨਵਾਦ ਸਹਿਤ ।
ਆਪ ਦਾ ਆਗਿਆਕਾਰੀ,
ਵਰਿਆਮ ਸਿੰਘ ।

**ਨੱਥੀ ਕੀਤੇ ਕਾਗ਼ਜ਼**–ਦੋ ਚਿੱਠੀਆਂ ਦੀਆਂ ਨਕਲਾਂ ।

HOLY FAITH INTERNATIONAL (P) LTD.

**10. ਉੱਤਰ**–ਇਸ ਤਸਵੀਰ ਵਿਚ ਸ਼ਹਿਰ ਦੀ ਕਿਸੇ ਸੜਕ ਦਾ ਯਥਾਰਥਕ ਦ੍ਰਿਸ਼ ਹੈ । ਇਸ ਵਿਚ ਸੜਕ ਉੱਤੇ ਕਾਰਾਂ, ਆਟੋ ਰਿਕਸ਼ੇ, ਮੋਟਰਸਾਈਕਲ ਤੇ ਸਕੂਟਰ ਜਾ ਰਹੇ ਹਨ, ਪਰੰਤੂ ਉਨ੍ਹਾਂ ਦੇ ਰਾਹ ਨੂੰ ਸੜਕ ਉੱਤੇ ਘੁੰਮ ਰਹੇ ਅਵਾਰਾ ਸਾਨ੍ਹਾਂ, ਗਾਈਆਂ ਨੇ ਰੋਕਿਆ ਹੋਇਆ ਹੈ । ਡਰਾਈਵਰ ਪਸ਼ੂਆਂ ਤੋਂ ਬਚਦੇ-ਬਚਾਉਂਦੇ ਹੌਲੀ-ਹੌਲੀ ਆਪਣੇ ਵਹੀਕਲਾਂ ਤੇ ਜਾ ਰਹੇ ਹਨ । ਟ੍ਰੈਫਿਕ ਦੇ ਪ੍ਰਬੰਧ ਨੂੰ ਠੀਕ ਰੱਖਣ ਲਈ ਕੋਈ ਪੁਲਿਸ ਵਾਲਾ ਦਿਖਾਈ ਨਹੀਂ ਦੇ ਰਿਹਾ । ਇਸ ਦ੍ਰਿਸ਼ ਦੇ ਪਿਛਲੇ ਪਾਸੇ ਬਿਜਲੀ ਦੇ ਖੰਭੇ, ਦਰਖ਼ਤ ਤੇ ਇਮਾਰਤਾਂ ਵੀ ਦਿਖਾਈ ਦੇ ਰਹੀਆਂ ਹਨ ।

**11. ਉੱਤਰ**–(*i*) ਬਚਪਨ, (*ii*) ਅਰਦਾਸ, (*iii*) ਗਿ: ਗੁਰਦਿੱਤ ਸਿੰਘ, (*iv*) ਕੁਲਵੰਤ ਸਿੰਘ ਵਿਰਕ, (*v*) ਛੋਟਾ ਭਰਾ, (*vi*) ਰੁਪਏ ।

**12. ਉੱਤਰ**–(*i*) ਵਿਕਾਰਾਂ ਦਾ, (*ii*) ਅਗਿਆਨਤਾ ਦਾ, (*iii*) ਜੰਗ ਦਾ ਹਾਲ, (*iv*) ਗੁਰੂ ਗੋਬਿੰਦ ਸਿੰਘ ਜੀ ਨੇ, (*v*) ਪ੍ਰਿੰ: ਸੰਤ ਸਿੰਘ ਸੇਖੋਂ, (*vi*) ਗੁਰਦਿੱਤ ਸਿੰਘ ।

**13. ਉੱਤਰ**–(*i*) ਘਰ ਵਿਚ, (*ii*) ਸਰਬਤ ਦਾ ਭਲਾ, (*iii*) ਚੜ੍ਹਿਕ, (*iv*) ਅੰਗ-ਸੰਗ, (*v*) ਧਰਤੀ ਹੇਠਲਾ ਬਲਦ ।

**14. ਉੱਤਰ**–

(*i*) 'ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਇਹ ਸਪੱਸ਼ਟ ਕਰਨ ਲਈ ਕਰਦਾ ਹੈ ਕਿ ਪਹਿਲੇ ਸੰਸਾਰ ਜੰਗ ਤੋਂ ਮਗਰੋਂ ਕਿਸ ਤਰ੍ਹਾਂ ਤੇਜ਼ੀ ਨਾਲ ਮਹਿੰਗਾਈ ਵਧੀ ਸੀ । ਪੜ੍ਹੇ-ਲਿਖੇ ਲੋਕਾਂ ਦੀ ਤਨਖ਼ਾਹ ਜਾਂ ਆਮਦਨ ਜੰਗ ਤੋਂ ਪਹਿਲਾਂ ਦੇ ਘੱਟ ਪੜ੍ਹੇ ਜਾਂ ਅਨਪੜ੍ਹ ਲੋਕਾਂ ਨਾਲੋਂ ਘੱਟ ਸੀ । ਇਸ ਤਰ੍ਹਾਂ ਲੋਕਾਂ ਦਾ ਗੁਜ਼ਾਰਾ ਬਹੁਤ ਔਖਾ ਹੋ ਗਿਆ ਸੀ । ਇਸ ਦਾ ਕਾਰਨ ਉਹ ਇਹ ਸਮਝਦਾ ਹੈ ਕਿ ਦੇਸ਼ ਦੀ ਆਰਥਿਕਤਾ ਉੱਤੇ ਧਨ-ਕੁਬੇਰਾਂ ਦਾ ਕਬਜ਼ਾ ਹੋ ਚੁੱਕਾ ਸੀ ।

(*ii*) ਇਸ ਕਹਾਣੀ ਵਿਚ ਘਰ ਦੇ ਮੁਖੀ ਕਰਤਾਰ ਸਿੰਘ ਦੀ ਮੌਤ ਹੋ ਗਈ ਸੀ, ਜਿਸ ਕਰਕੇ ਹਨੇਰੇ ਵਾਤਾਵਰਨ ਵਰਗੀ ਚੁੱਪ ਛਾਈ ਹੋਈ ਸੀ । ਇਹ ਚੁੱਪ ਅਜਿਹੀ ਇਸ ਕਰਕੇ ਸੀ ਕਿਉਂਕਿ ਕਰਤਾਰ ਸਿੰਘ ਦੇ ਵੈਲਾਂ ਕਰਕੇ ਘਰ ਉੱਜੜ-ਪੁੱਜੜ ਚੁੱਕਾ ਸੀ, ਜ਼ਮੀਨ ਗਹਿਣੇ ਪੈ ਚੁੱਕੀ ਸੀ ਤੇ ਪਰਿਵਾਰ ਕਰਜ਼ੇ ਦੇ ਭਾਰ ਹੇਠ ਦੱਬਿਆ ਹੋਇਆ ਸੀ । ਉਨ੍ਹਾਂ ਨੂੰ ਆਪਣੇ ਘਰ ਦੇ ਮੁਖੀ ਦੇ ਵੈਲਾਂ ਕਾਰਨ ਕਈ ਪ੍ਰਕਾਰ ਦੀਆਂ ਨਮੋਸ਼ੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਇਸ ਕਰਕੇ ਉਹ ਉਦਾਸ, ਨਿਰਾਸ਼ ਤੇ ਦੁਖੀ ਸਨ, ਜਿਸ ਕਰਕੇ ਘਰ ਵਿਚ ਹਨੇਰੇ ਵਾਤਾਵਰਨ ਵਰਗੀ ਚੁੱਪ ਪਸਰੀ ਹੋਈ ਸੀ ।

(*iii*) ਜਦੋਂ ਮਾਨ ਸਿੰਘ ਨੇ ਰੋਟੀ ਖਾਂਦਿਆਂ ਆਪਣੇ ਕੋਲ ਆਏ ਕਰਮ ਸਿੰਘ ਦੇ ਨਿੱਕੇ ਜਿਹੇ ਮੁੰਡੇ ਨੂੰ ਕੁੱਛੜ ਚੁੱਕ ਕੇ ਉਸ ਨਾਲ ਉਸ ਦੇ ਬਾਪ ਕਰਮ ਸਿੰਘ ਦੀ ਗੱਲ ਛੇੜਦਿਆਂ ਉਸ ਨੂੰ ਆਪਣੇ ਨਾਲ ਆਪਣੇ ਬਾਪੂ ਕੋਲ ਚੱਲਣ ਲਈ ਕਿਹਾ, ਤਾਂ ਇਹ ਗੱਲ ਕਰਮ ਸਿੰਘ ਦੇ ਬਾਪੂ ਨੂੰ ਸੂਲ ਵਾਂਗ ਚੁੱਭੀ, ਕਿਉਂਕਿ ਉਸ ਨੂੰ ਪਤਾ ਸੀ ਕਿ ਮਾਨ ਸਿੰਘ ਜਿਸ ਕਰਮ ਸਿੰਘ ਬਾਰੇ ਇੰਨੇ ਚਾਵਾਂ ਨਾਲ ਗੱਲਾਂ ਕਰ ਰਿਹਾ ਹੈ, ਉਹ ਤਾਂ ਇਸ ਦੁਨੀਆ ਉੱਤੇ ਰਿਹਾ ਹੀ ਨਹੀਂ । ਇਸ ਕਰਕੇ ਉਸ ਨੇ ਗੱਲ ਦਾ ਰੁਖ਼ ਦੂਜੇ ਪਾਸੇ ਮੋੜਨ ਲਈ ਜ਼ਰਾ ਗੁੱਸੇ ਨਾਲ ਉਪਰੋਕਤ ਗੱਲ ਕਰਮ ਦੀ ਮਾਂ ਨੂੰ ਕਹੀ ।

(*iv*) ਜ਼ੀਨਤ ਔਰੰਗਜ਼ੇਬ ਨੂੰ ਕਹਿੰਦੀ ਹੈ ਕਿ ਜੇਕਰ ਉਹ ਵਜ਼ੀਰ ਖ਼ਾਂ ਨੂੰ ਗੁਰੂ ਜੀ ਦੇ ਮਾਸੂਮ ਬੱਚੇ ਕਤਲ ਕਰਨ ਉੱਤੇ ਸਜ਼ਾ ਵੀ ਨਹੀਂ ਦੇ ਸਕਦਾ, ਤਾਂ ਇਹ ਜ਼ੁਲਮ ਉਸਦੇ ਇਸ਼ਾਰੇ ਉੱਤੇ ਹੀ ਹੋਇਆ ਹੈ ਤੇ ਇਹ ਉਸਨੇ ਸ਼ਰੀਕ ਭਰਾਵਾਂ ਨੂੰ ਮਾਰਨ ਤੋਂ ਵੀ ਵੱਡਾ ਗੁਨਾਹ ਕੀਤਾ ਹੈ ।

(*v*) ਨਿਹਾਲ ਕੌਰ ਸਮਝਦੀ ਸੀ ਕਿ ਉਹ ਉਸਦੀਆਂ ਨੂੰਹ ਵਰਗੀਆਂ ਇਸਤਰੀਆਂ ਨੂੰ ਵਿਗਾੜਦੀ ਹੈ ਤੇ ਇਸ ਮੰਤਵ ਲਈ ਇਸਤਰੀਆਂ ਦੀ ਸਭਾ ਬਣਾਉਂਦੀ ਤੇ ਮੀਟਿੰਗਾਂ ਕਰਦੀ ਹੈ ।

(*vi*) ਇਹ ਵਿਚਾਰ ਬਿਲਕੁਲ ਠੀਕ ਹੈ ਕਿ ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ । ਜਿਹੜਾ ਮਨੁੱਖ ਆਪਣੇ ਘਰ ਵਿਚ ਆਪਣੇ ਮਾਤਾ-ਪਿਤਾ, ਪਤਨੀ ਤੇ ਬੱਚਿਆਂ ਨੂੰ ਪਿਆਰ ਨਹੀਂ ਕਰਦਾ, ਉਸ ਵਿਚ ਸਮਾਜ ਅਤੇ ਦੇਸ਼ ਦਾ ਪਿਆਰ ਵੀ ਪੈਦਾ ਨਹੀਂ ਹੋ ਸਕਦਾ । ਅਸਲ ਵਿਚ ਸਾਡੇ ਘਰ ਵਿਚ ਵਸਦਾ ਪਰਿਵਾਰ ਸਮਾਜ ਅਤੇ ਦੇਸ਼ ਦੀ ਇਕ ਇਕਾਈ ਹੁੰਦਾ ਹੈ । ਇਸ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ ।

(*vii*) ਸਿੱਖ ਧਰਮ ਵਿਚ ਅਰਦਾਸ ਚੜ੍ਹਦੀ ਕਲਾ ਦਾ ਸਾਧਨ ਹੈ, ਜੋ ਮਨੁੱਖ ਨੂੰ ਸਹਿਜ-ਸੁਭਾ ਛੁਟੇਰੇਪਨ ਵਿਚੋਂ ਕੱਢ ਕੇ ਵੱਡਾ ਬਣਾ ਦਿੰਦੀ ਹੈ, ਜਿਸ ਨਾਲ ਮਨੁੱਖ ਇਕ ਸਰਬੱਤੀ ਪੁਰਖ ਹੋ ਕੇ ਨਿਸ਼ਪਾਪ ਉੱਚਾ ਉੱਠ ਜਾਂਦਾ ਹੈ । ਇਸੇ ਦਾ ਨਾਂ ਚੜ੍ਹਦੀ ਕਲਾ ਹੈ ਤੇ ਇਸ ਅਵਸਥਾ ਦੀ ਪੂਰਨਤਾ ਹੀ ਅਰਦਾਸ ਦੀ ਕਰਾਮਾਤ ਹੈ ।

(*viii*) ਲੋਕ ਭਲਵਾਨ (ਪਹਿਲਵਾਨ) ਦੇ ਸਵਾਗਤ ਲਈ ਉਨ੍ਹਾਂ ਨੂੰ ਘਿਓ ਇਕੱਠਾ ਕਰ ਕੇ ਦਿੰਦੇ ਸਨ ਅਤੇ ਗੁੜ ਤੇ ਕੱਪੜਿਆਂ ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦਿੰਦੇ ਸਨ । ਨਕਦੀ ਵੀ ਪੀਰਾਂ-ਫ਼ਕੀਰਾਂ ਵਾਂਗ ਚੜ੍ਹਾਈ ਜਾਂਦੀ ਸੀ ।

**15. ਉੱਤਰ**–

(*i*) ਭੁੱਲਾਂ, ਪਾਪ ਤੇ ਗੁਨਾਹ ਕਰਨ ਵਾਲਾ ਮਨੁੱਖ ਆਪਣੇ ਕਰਮਾਂ ਦੇ ਲੇਖੇ ਨਾਲ ਨਹੀਂ, ਸਗੋਂ ਪਰਮਾਤਮਾ ਦੀ ਮਿਹਰ ਨਾਲ ਹੀ ਬਖ਼ਸ਼ਿਆ ਜਾ ਸਕਦਾ ਹੈ । ਜਦੋਂ ਗੁਰੂ ਕਿਰਪਾ ਕਰ ਕੇ ਉਸਦਾ ਪ੍ਰਭੂ ਨਾਲ ਮੇਲ ਕਰਾਉਂਦਾ ਹੈ, ਤਾਂ ਉਸਦੀਆਂ ਸਾਰੀਆਂ ਭੁੱਲਾਂ, ਪਾਪ, ਗੁਨਾਹ ਤੇ ਵਿਕਾਰ ਕੱਟੇ ਜਾਂਦੇ ਹਨ । ਅਜਿਹੀ ਸਥਿਤੀ ਵਿਚ ਨਾਮ ਸਿਮਰਦਿਆਂ ਉਸਨੂੰ ਲੋਕ-ਪਰਲੋਕ ਵਿਚ ਇੱਜ਼ਤ ਮਿਲਦੀ ਹੈ ।

***ਜਾਂ***

ਫੇਰੂ ਸ਼ਹਿਰ ਦੀ ਲੜਾਈ ਵਿਚ ਸਿੰਘ ਸੂਰਮੇ ਡਟ ਕੇ ਲੜੇ ਤੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਇੰਨੇ ਜ਼ਿਆਦਾ ਸਿਰ ਵੱਢੇ ਕਿ ਅੰਗਰੇਜ਼ ਗਵਰਨਰ ਜਨਰਲ ਨੂੰ ਲੱਗਾ ਕਿ ਇਸ ਮਾਰ-ਵੱਢ ਕਾਰਨ ਸਾਰੇ ਇੰਗਲੈਂਡ ਦੀਆਂ ਜ਼ਨਾਨੀਆਂ ਰੰਡੀਆਂ ਹੋ ਗਈਆਂ ਸਨ । ਇਸ ਗੱਲ ਤੋਂ ਗੁੱਸਾ ਖਾ ਕੇ ਉਸਨੇ ਵਾਰ-ਵਾਰ ਢੰਡੋਰਾ ਫੇਰ ਕੇ ਆਪਣੀਆਂ ਫ਼ੌਜਾਂ ਨੂੰ ਮੁੜ ਜੰਗ ਵਿਚ ਡਟਣ ਲਈ ਪ੍ਰੇਰਿਆ ।

(*ii*) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵਲ ਵਿਸ਼ੇਸ਼ ਧਿਆਨ ਇਸ ਕਰਕੇ ਦੇਣਾ ਚਾਹੀਦਾ ਹੈ, ਕਿਉਂਕਿ ਬਚਪਨ ਵਿਚ ਉਨ੍ਹਾਂ ਦੇ ਮਨ ਉੱਤੇ ਚਿਤਰੇ ਲਫ਼ਜ਼ ਉਨ੍ਹਾਂ ਨੂੰ ਕਦੇ ਭੁੱਲਦੇ ਨਹੀਂ ਤੇ ਇਹ ਸਾਰੀ ਉਮਰ ਉਨ੍ਹਾਂ ਦੇ ਮੋਹਰਾਂ ਵਾਂਗ ਕੰਮ ਆਉਂਦੇ ਹਨ । ਇਸ ਕਰਕੇ ਉਨ੍ਹਾਂ ਦੀ

HOLY FAITH INTERNATIONAL (P) LTD.

ਬੋਲੀ ਵਿਚ ਸ਼ਬਦਾਂ ਨਾਲ ਲਗਾਤਾਰ ਵਾਧਾ ਕਰਦੇ ਰਹਿਣਾ ਚਾਹੀਦਾ ਹੈ । ਜਿਹੜੇ ਵੱਡੇ ਅਜਿਹਾ ਨਹੀਂ ਕਰਦੇ ਤੇ ਬੱਚਿਆਂ ਨੂੰ ਜਿਵੇਂ ਪਲਦੇ-ਰੁਲਦੇ ਹਨ, ਪਲਦੇ-ਰੁਲਦੇ ਰਹਿਣ ਦਿੰਦੇ ਹਨ, ਉਨ੍ਹਾਂ ਦੀ ਆਪਣੀ ਦੁਨੀਆ ਵੀ ਦਿਨੋ-ਦਿਨ ਕੰਗਾਲ ਹੁੰਦੀ ਜਾਂਦੀ ਹੈ ।

***ਜਾਂ***

ਕੈਦੀ ਨੇ ਸਾਰੀ ਆਪ-ਬੀਤੀ ਸੁਣਾਉਂਦਿਆਂ ਮਹਾਰਾਜਾ ਰਣਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਦੀ ਕਿਰਪਾ ਨਾਲ ਹੀ ਉਹ ਧਾੜਵੀ ਤੋਂ ਸਰਦਾਰ ਬਣਿਆ ਸੀ ਅਤੇ ਉਨ੍ਹਾਂ ਦੀ ਕੈਦ ਵਿਚ ਰਹਿ ਕੇ ਹੀ ਉਹ ਆਪਣੇ ਸੱਚੇ ਪਿਤਾ ਵਾਹਿਗੁਰੂ ਦੇ ਪ੍ਰੇਮ ਤੋਂ ਜਾਣੂ ਹੋਇਆ ਹੈ । ਹੁਣ ਉਸ ਨੂੰ ਸੱਚੀ ਖ਼ੁਸ਼ੀ ਪ੍ਰਾਪਤ ਹੋਈ ਹੈ । ਉਸ ਦਾ ਮਨ ਪ੍ਰਭੂ ਦੇ ਪ੍ਰੇਮ ਵਿਚ ਮਗਨ ਹੈ । ਇਸ ਕੈਦ ਤੋਂ ਉਸ ਨੂੰ ਮੁਕਤੀ ਮਿਲੀ ਹੈ ਤੇ ਅੰਤ ਨੂੰ ਉਸ ਨੇ ਹੀ ਉਸ ਨੂੰ ਮਹਾ-ਭੌਜਲ ਤੋਂ ਬਖ਼ਸ਼ਣਾ ਹੈ ।

**16. ਉੱਤਰ**–

(*i*) ਔਰੰਗਜ਼ੇਬ 'ਜ਼ਫ਼ਰਨਾਮਾ' ਇਕਾਂਗੀ ਦਾ ਇਤਿਹਾਸਿਕ ਪਾਤਰ ਹੈ । ਸਰੀਰਕ ਰੂਪ-ਰੇਖਾ ਦੇ ਪੱਖੋਂ ਬੁਢਾਪੇ ਵਿਚ ਔਰੰਗਜ਼ੇਬ ਦਾ ਕੱਦ ਮਧਰਾ, ਸਰੀਰ ਕਮਜ਼ੋਰ, ਨੱਕ ਲੰਮਾ, ਰੰਗ ਗੋਰਾ ਸੁਰਖ਼, ਦਾੜ੍ਹੀ ਚਿੱਟੀ, ਮੁੱਛਾਂ ਕੱਟੀਆਂ ਹੋਈਆਂ, ਅੱਖਾਂ ਤੇਜ਼ ਭਖਦੀਆਂ ਹੋਈਆਂ ਤੇ ਲੱਕ ਝੁਕਿਆ ਹੋਇਆ ਸੀ ਤੇ ਸੋਟੀ ਦੇ ਸਹਾਰੇ ਚਲਦਾ ਸੀ । ਉਸ ਦਾ ਸਭ ਤੋਂ ਵੱਧ ਪਿਆਰ ਬੇਗਮ ਉਦੈਪੁਰੀ, ਉਸ ਦੇ ਪੁੱਤਰ ਕਾਮ ਬਖ਼ਸ਼ ਤੇ ਧੀ ਜ਼ੀਨਤ-ਉਨ-ਨਿਸਾ ਨਾਲ ਸੀ । ਬੇਸ਼ੱਕ ਉਹ ਕੁਰਾਨ ਸ਼ਰੀਫ ਦਾ ਬੇਹੱਦ ਸਤਿਕਾਰ ਕਰਨ ਵਾਲਾ ਤੇ ਪੱਕਾ ਨਿਮਾਜ਼ੀ ਸੀ, ਪਰ ਉਹ ਕੱਟੜ-ਧਰਮੀ, ਜ਼ਾਲਮ, ਬੇਤਰਸ, ਹਕੂਮਤ ਦੇ ਨਸ਼ੇ ਵਿਚ ਅੰਨ੍ਹਾ, ਚਲਾਕ ਤੇ ਗੁਨਾਹਗਾਰ ਬਾਦਸ਼ਾਹ ਸੀ । ਇਸ ਦੇ ਨਾ ਹੀ ਉਹ ਭੇਤ ਲੁਕਾ ਕੇ ਰੱਖਣ ਵਾਲਾ, ਸ਼ੱਕੀ ਮਿਜਾਜ਼ ਵਾਲਾ, ਨਿੱਜੀ ਮਾਮਲੇ ਵਿਚ ਕਿਸੇ ਦੇ ਦਖ਼ਲ ਨੂੰ ਬਰਦਾਸ਼ਤ ਨਾ ਕਰਨ ਵਾਲਾ ਤੇ ਅੰਤ ਵਿਚ ਬੇਵੱਸ ਤੇ ਨਿਰਾਸ਼ ਹੋ ਚੁੱਕਾ ਬਾਦਸ਼ਾਹ ਸੀ ।

(*ii*) ਨਿਹਾਲ ਕੌਰ ਗੁਰਦਿੱਤ ਸਿੰਘ ਦੀ ਪਤਨੀ, ਸੁਖਦੇਵ ਕੌਰ ਦੀ ਮਾਂ ਤੇ ਮਨਜੀਤ ਦੀ ਸੱਸ ਹੈ । ਮਨਜੀਤ–ਨਿਹਾਲ ਕੌਰ ਤੇ ਗੁਰਦਿੱਤ ਸਿੰਘ ਦੀ ਨੂੰਹ, ਸੁਖਦੇਵ ਸਿੰਘ ਦੀ ਪਤਨੀ ਅਤੇ ਸੁਖਦੇਵ ਕੌਰ ਦੀ ਭਰਜਾਈ ਹੈ । ਗੁਰਦਿੱਤ ਸਿੰਘ–ਨਿਹਾਲ ਕੌਰ ਦਾ ਪਤੀ, ਸੁਖਦੇਵ ਸਿੰਘ ਤੇ ਸੁਖਦੇਵ ਕੌਰ ਦਾ ਬਾਪ ਤੇ ਮਨਜੀਤ ਦਾ ਸਹੁਰਾ ਹੈ । ਸੁਖਦੇਵ ਸਿੰਘ–ਨਿਹਾਲ ਕੌਰ ਤੇ ਗੁਰਦਿੱਤ ਸਿੰਘ ਦਾ ਪੁੱਤਰ, ਮਨਜੀਤ ਦਾ ਪਤੀ ਤੇ ਸੁਖਦੇਵ ਕੌਰ ਦਾ ਭਰਾ ਹੈ । ਸੁਖਦੇਵ ਕੌਰ–ਨਿਹਾਲ ਕੌਰ ਤੇ ਗੁਰਦਿੱਤ ਸਿੰਘ ਦੀ ਧੀ, ਸੁਖਦੇਵ ਸਿੰਘ ਦੀ ਭੈਣ ਤੇ ਮਨਜੀਤ ਦੀ ਨਿਨਾਣ ਹੈ ।

## ਨਿਊ ਸਟਾਈਲ ਮਾਡਲ ਟੈੱਸਟ ਪੇਪਰ—3

**1. ਉੱਤਰ**–(*i*) ਵਿਹਲੀਆਂ ਗੱਲਾਂ ਦੇ ਮੌਕੇ, (*ii*) ਗੱਪਾਂ ਵਿਚ ਸਮਾਂ ਬਿਤਾਉਣ ਦੇ, (*iii*) ਲੋੜ ਪੈਣ ਤੇ, (*iv*) ਚੁੱਪ ਉੱਤੇ, (*v*) ਚੁੱਪ ਦਾ ਅਭਿਆਸ, (*vi*) ਧਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਮਨੁੱਖ ।

**2. ਉੱਤਰ**–

(*i*) ਕਵੀ ਨੂੰ ਗ਼ਮ ਹੈ ਕਿ ਜਦੋਂ ਬਾਗ਼ ਉੱਤੇ ਬਹਾਰ ਆਵੇਗੀ, ਉਦੋਂ ਉਹ ਜਿਊਂਦਾ ਨਹੀਂ ਹੋਵੇਗਾ ।

(*ii*) ਕਵੀ ਨੇ ਜ਼ਿੰਦਗ਼ੀ ਦੇ ਪੈਂਡਿਆਂ ਉੱਤੇ ਹੁਸੀਨ ਨਗ਼ਮਿਆਂ ਨੂੰ ਖਿਲਾਰਿਆ ਹੈ ।

(*iii*) ਕਵੀ ਨੇ ਸਵੇਰਿਆਂ ਨੂੰ ਸੱਦੇ ਭੇਜੇ ਹਨ ।

(*iv*) ਕਵੀ ਨੇ ਨਵੀਆਂ ਤਦਬੀਰਾਂ ਨੂੰ ਜਨਮ ਦਿੱਤਾ ਹੈ ।

**3. ਉੱਤਰ**–(*i*) ਦੂਰ-ਦ੍ਰਿਸ਼ਟੀ, (*ii*) ਲੋਕ-ਪਰਲੋਕ, (*iii*) ਖਾਓ-ਪੀਓ ।

**4. ਉੱਤਰ**–(*i*) ਅੰਕ, ਨਾਲ, (*ii*) ਪੂੰਜੀ, (*iii*) ਆਉਣ ਵਾਲਾ ਸਮਾਂ ।

**5. ਉੱਤਰ**–(*i*) ਸਥਾਨਵਾਚਕ, (*ii*) ਕਿਰਿਆ ਦੇ ਕੰਮ ਦੀ ਮਿਕਦਾਰ ਜਾਂ ਮਿਣਤੀ, (*iii*) ਹੌਲੀ-ਹੌਲੀ/ਛੇਤੀ/ਜੀਕੁਰ/ਜਿੱਦਾਂ/ਓਦਾਂ ।

**6.** (*i*) **ਉੱਤਰ**–(ੳ) ਅਪਸ਼ਗਨ, ਅਪਮਾਨ ।

(ਅ) ਸ਼ਾਹਕਾਰ, ਸ਼ਾਹਸਵਾਰ ।

(*ii*) **ਉੱਤਰ**–(ੳ) ਸ਼ਰਮਾਕਲ, ਡਰਾਕਲ ।

(ਅ) ਆਦਮਖ਼ੋਰ, ਰਿਸ਼ਵਤਖ਼ੋਰ ।

**7. ਉੱਤਰ**–

**(*i*) ਕੰਨ ਖੜ੍ਹੇ ਹੋਣੇ** (ਚੁਕੰਨੇ ਹੋਣਾ)–ਜਦੋਂ ਅਸੀਂ ਜੰਗਲ ਵਿਚੋਂ ਲੰਘ ਰਹੇ ਸਾਂ, ਤਾਂ ਘੁਸਰ-ਮੁਸਰ ਸੁਣ ਕੇ ਅਸੀਂ **ਕੰਨ ਖੜ੍ਹੇ ਕਰ ਕੇ** ਸਾਹਮਣੀ ਝਾੜੀ ਵਲ ਦੇਖਣ ਲੱਗ ਪਏ ।

**(*ii*) ਖਹਿੜਾ ਛੱਡਣਾ** (ਪਿੱਛਾ ਛੱਡਣਾ)–ਮੰਗਤੇ ਜਦੋਂ ਮਗਰ ਪੈ ਜਾਂਦੇ ਹਨ, ਤਾਂ ਕੁੱਝ ਲਏ ਬਿਨਾਂ **ਖਹਿੜਾ ਨਹੀਂ ਛੱਡਦੇ ।**

**(*iii*) ਗੰਢ ਬੱਝਣਾ** (ਦਿਲ ਵਿਚ ਨਫ਼ਰਤ ਟਿਕ ਜਾਣਾ)–ਜਦੋਂ ਦੀਆਂ ਮੇਰੇ ਪੁੱਤਰ ਨੇ ਮੈਨੂੰ ਗਾਲ੍ਹਾਂ ਕੱਢੀਆਂ ਹਨ, ਮੇਰੇ ਢਿੱਡ ਵਿਚ ਤਾਂ ਉਸ ਵਿਰੁੱਧ **ਗੰਢ ਜਿਹੀ ਬੱਝ** ਗਈ ਹੈ ।

**(*iv*) ਘਰ ਕਰਨਾ** (ਚੰਗਾ ਲੱਗਣਾ)–ਗੁਰਮੀਤ ਦੀ ਨੇਕ ਸਲਾਹ ਮੇਰੇ ਦਿਲ ਵਿਚ **ਘਰ ਕਰ** ਗਈ ।

**(*v*) ਚਿੜੀ ਨਾ ਫਟਕਣੀ** (ਕੋਈ ਜਣਾ ਨੇੜੇ ਨਾ ਢੁੱਕ ਸਕਣਾ)–ਉਹ ਇੰਨੇ ਰੁੱਖੇ ਸੁਭਾ ਦਾ ਹੈ ਕਿ ਉਸ ਦੇ ਨੇੜੇ **ਚਿੜੀ ਨਹੀਂ ਫਟਕਦੀ ।**

**(*vi*) ਛਾਉਣੀ ਪਾਉਣੀ** (ਕਿਸੇ ਦੇ ਘਰ ਡੇਰਾ ਲਾ ਕੇ ਬਹਿ ਜਾਣਾ)–ਬਸੰਤ ਕੌਰ ਵਿਹਲੀ ਵੀ ਹੈ ਤੇ ਗਾਲੜੀ ਵੀ । ਜਿਸ ਕਿਸੇ ਦੇ ਵੀ ਘਰ ਜਾਂਦੀ ਹੈ, **ਛਾਉਣੀ ਹੀ ਪਾ** ਕੇ ਬੈਠ ਜਾਂਦੀ ਹੈ ।

**8. ਉੱਤਰ**–

### (*i*) ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਸਨ । ਆਪ ਦਾ ਜਨਮ 15 ਅਪਰੈਲ, 1469 ਈ: ਨੂੰ ਰਾਏ ਭੋਇੰ ਦੀ ਤਲਵੰਡੀ (ਅੱਜ-ਕੱਲ੍ਹ

HOLY FAITH INTERNATIONAL (P) LTD.

ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਹੋਇਆ । ਉਂਞ ਆਪ ਦਾ ਜਨਮ-ਦਿਨ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਉਣ ਦੀ ਰਵਾਇਤ ਹੈ । ਆਪ ਦੇ ਪਿਤਾ ਜੀ ਦਾ ਨਾਂ ਮਹਿਤਾ ਕਾਲੂ ਜੀ ਸੀ । ਆਪ ਦੀ ਮਾਤਾ ਦਾ ਨਾਂ ਤ੍ਰਿਪਤਾ ਜੀ ਸੀ ।

ਜਿਸ ਸਮੇਂ ਆਪ ਸੰਸਾਰ ਵਿਚ ਆਏ, ਉਸ ਸਮੇਂ ਹਰ ਪਾਸੇ ਜਬਰ-ਜ਼ੁਲਮ ਹੋ ਰਿਹਾ ਸੀ । ਉਸ ਸਮੇਂ ਦੇ ਰਾਜੇ ਬਘਿਆੜਾਂ ਦਾ ਰੂਪ ਧਾਰਨ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਅਮੀਰ-ਵਜ਼ੀਰ ਕੁੱਤਿਆਂ ਦਾ ਰੂਪ ਧਾਰ ਕੇ ਜਨਤਾ ਦਾ ਲਹੂ ਪੀ ਰਹੇ ਸਨ । ਧਰਮ ਵਿਚ ਪਾਖੰਡ ਤੇ ਅੰਧ-ਵਿਸ਼ਵਾਸ ਪ੍ਰਧਾਨ ਸੀ । ਸਮਾਜ ਵਿਚ ਊਚ-ਨੀਚ ਤੇ ਛੂਤ-ਛਾਤ ਦਾ ਜ਼ੋਰ ਸੀ । ਇਸ ਅਵਸਥਾ ਦਾ ਜ਼ਿਕਰ ਆਪ ਦੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ ।
ਕੂੜ ਅਮਾਵਸ ਸਚੁ ਚੰਦਰਮਾ ਦੀਸੈ ਨਾਹੀਂ ਕਹਿ ਚੜਿਆ ।

ਸੱਤ ਸਾਲ ਦੀ ਉਮਰ ਵਿਚ ਆਪ ਨੂੰ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ । ਆਪ ਨੇ ਪਾਂਧੇ ਨੂੰ ਆਪਣੇ ਵਿਚਾਰ ਦੱਸ ਕੇ ਨਿਹਾਲ ਕੀਤਾ । ਪੁੱਤਰ ਨੂੰ ਘਰ ਦੇ ਕੰਮਾਂ ਤੇ ਵਪਾਰ ਵਿਚ ਦਿਲਚਸਪੀ ਨਾ ਲੈਂਦਾ ਦੇਖ ਕੇ ਅੰਤ ਪਿਤਾ ਮਹਿਤਾ ਕਾਲੂ ਜੀ ਨੇ ਆਪ ਨੂੰ ਆਪ ਦੀ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ । ਇੱਥੇ ਆਪ ਨੇ ਨਵਾਬ ਦੌਲਤ ਖ਼ਾਂ ਲੋਧੀ ਦਾ ਮੋਦੀਖ਼ਾਨਾ ਚਲਾਇਆ । ਇੱਥੇ ਹੀ ਇਕ ਦਿਨ ਆਪ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤੇ ਤਿੰਨ ਦਿਨ ਅਲੋਪ ਰਹੇ । ਇਸ ਸਮੇਂ ਆਪ ਨੂੰ ਨਿਰੰਕਾਰ ਵਲੋਂ ਸੰਸਾਰ ਦਾ ਕਲਿਆਣ ਕਰਨ ਦਾ ਸੁਨੇਹਾ ਪ੍ਰਾਪਤ ਹੋਇਆ । ਆਪ ਨੇ ਨਾਅਰਾ ਦਿੱਤਾ, ''ਨਾ ਕੋਈ ਹਿੰਦੂ, ਨਾ ਮੁਸਲਮਾਨ ।''

ਇਸ ਤੋਂ ਪਿੱਛੋਂ ਆਪ ਨੇ ਸੰਸਾਰ ਨੂੰ ਤਾਰਨ ਲਈ ਪੂਰਬ, ਦੱਖਣ, ਉੱਤਰ ਤੇ ਪੱਛਮ ਦੀਆਂ ਚਾਰ ਉਦਾਸੀਆਂ ਕੀਤੀਆਂ ਤੇ ਸੰਸਾਰ ਨੂੰ ਸੱਚ ਦਾ ਉਪਦੇਸ਼ ਦਿੱਤਾ । ਇਸ ਸਮੇਂ ਵਿਚ ਹੀ ਆਪ ਨੇ ਕਰਤਾਰਪੁਰ (ਪਾਕਿਸਤਾਨ) ਵਸਾਇਆ ।

ਗੁਰੂ ਸਾਹਿਬ ਦੇ ਜੀਵਨ ਨਾਲ ਬਹੁਤ ਸਾਰੀਆਂ ਕਰਾਮਾਤਾਂ ਸੰਬੰਧਿਤ ਹਨ । ਆਪ ਦੇ ਵਿਚਾਰਾਂ ਦਾ ਹਰ ਇਕ ਦੇ ਮਨ ਉੱਪਰ ਡੂੰਘਾ ਪ੍ਰਭਾਵ ਪਿਆ । ਆਪ 'ਹਿੰਦੂਆਂ ਦੇ ਗੁਰੂ ਤੇ ਮੁਸਲਮਾਨਾਂ ਦੇ ਪੀਰ' ਕਹਾਏ । ਆਪ ਨੇ ਭੇਖ, ਪਾਖੰਡ ਤੇ ਕਰਮ-ਕਾਂਡ ਦਾ ਖੰਡਨ ਕੀਤਾ ਤੇ ਨੇਕ ਅਮਲਾਂ ਅਤੇ ਉੱਚੇ ਆਚਰਨ ਉੱਤੇ ਜ਼ੋਰ ਦਿੱਤਾ ।

ਆਪ ਨੇ ਆਪਣਾ ਅੰਤਿਮ ਸਮਾਂ ਕਰਤਾਰਪੁਰ (ਪਾਕਿਸਤਾਨ) ਵਿਚ ਗੁਜ਼ਾਰਿਆ । ਇੱਥੇ ਆਪ ਨੇ ਸਤਿਸੰਗ ਤੇ ਸਾਂਝੇ ਲੰਗਰ ਦਾ ਪਰਵਾਹ ਚਲਾਇਆ । ਇੱਥੇ ਹੀ ਆਪ ਨੇ ਆਪਣੀ ਗੱਦੀ ਦਾ ਵਾਰਸ ਭਾਈ ਲਹਿਣਾ ਜੀ ਨੂੰ ਚੁਣਿਆ ਤੇ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ ਸੁਸ਼ੋਭਿਤ ਕੀਤਾ । 22 ਸਤੰਬਰ, 1539 ਈ: ਨੂੰ ਆਪ ਕਰਤਾਰਪੁਰ ਵਿਖੇ ਜੋਤੀ-ਜੋਤ ਸਮਾ ਗਏ ।

### (*ii*) ਭਰੂਣ ਹੱਤਿਆ

ਅਹਿੰਸਾ ਤੇ ਸ਼ਾਂਤੀ ਦੇ ਅਲੰਬਰਦਾਰ ਮੁਲਕ ਭਾਰਤ ਵਿਚ ਭਰੂਣ ਹੱਤਿਆ ਇਕ ਬੇਹੱਦ ਅਮਾਨਵੀ ਤੇ ਘਿਨਾਉਣਾ ਕਰਮ ਹੈ । ਜਿਸ ਤਰ੍ਹਾਂ ਸਾਡੇ ਦੇਸ਼ ਵਿਚੋਂ ਸਤੀ ਦੀ ਰਸਮ, ਬਾਲ-ਵਿਆਹ ਤੇ ਔਰਤਾਂ ਦੀ ਸ਼ਿਸ਼ੂ-ਹੱਤਿਆ ਦਾ ਅੰਤ ਕੀਤਾ ਗਿਆ ਸੀ ਜਾਂ ਕਰਨ ਲਈ ਉਪਰਾਲੇ ਕੀਤੇ ਗਏ ਹਨ, ਇਸੇ ਤਰ੍ਹਾਂ ਭਰੂਣ-ਹੱਤਿਆ ਵਿਰੁੱਧ ਵੀ ਅਵਾਜ਼ ਬੁਲੰਦ ਕਰ ਕੇ ਇਸ ਨੂੰ ਖ਼ਤਮ ਕਰਨ ਦੀ ਲੋੜ ਹੈ ।

ਜੀਵ-ਵਿਗਿਆਨੀ ਦੱਸਦੇ ਹਨ ਕਿ ਜਿਵੇਂ ਮਾਨਵੀ ਵਜੂਦ ਦੀ ਉਮਰ ਦੀਆਂ ਵੱਖ-ਵੱਖ ਅਵਸਥਾਵਾਂ ਬੱਚਾ/ਬੱਚੀ, ਗੱਭਰੂ/ਮੁਟਿਆਰ, ਜੁਆਨ, ਸਿਆਣਾ/ਬਜ਼ੁਰਗ ਹਨ, ਇਸੇ ਤਰ੍ਹਾਂ ਮਾਂ ਦੇ ਪੇਟ ਵਿਚ ਬੱਚੇ ਦੇ ਇਕ ਸੈੱਲ ਤੋਂ ਜਨਮ ਲੈਣ ਤੋਂ ਪਿੱਛੋਂ ਮੁਕੰਮਲ ਸਰੀਰ ਤਕ ਦੇ ਵਿਕਾਸ ਦੀਆਂ ਅਵਸਥਾਵਾਂ ਨੂੰ ਜ਼ਾਈਗੋਟ, ਮਾਰੂਲਾ, ਬਲਾਸਟੋਚਿਸਟ, ਐਮਬਰੀਓ, ਭਰੂਣ ਤੇ ਸ਼ਿਸ਼ੂ ਅਤੇ ਫਿਰ ਇਕ ਸਾਲ ਬਾਅਦ ਬੱਚਾ/ਬੱਚੀ ਦੀਆਂ ਅਵਸਥਾਵਾਂ ਵਿਚ ਵੰਡਿਆ ਜਾ ਸਕਦਾ ਹੈ । ਭਰੂਣ, ਜੋ ਅੱਠ ਹਫ਼ਤਿਆਂ ਮਗਰੋਂ ਬਣਦਾ ਹੈ, ਨੂੰ ਇਕ ਮੁਕੰਮਲ ਮਾਨਵੀ ਵਜੂਦ ਮੰਨਿਆ ਜਾ ਸਕਦਾ ਹੈ । ਇਸੇ ਕਰਕੇ ਉਸ ਦੀ ਹੱਤਿਆ ਸ਼ਿਸ਼ੂ-ਹੱਤਿਆ ਦੇ ਸਮਾਨ ਹੀ ਮੁਜਰਮਾਨਾ ਅਪਰਾਧ ਹੈ ।

ਘਰ ਵਿਚ ਔਰਤ ਪ੍ਰਤੀ ਨੀਵੀਂ ਸੋਚ ਰੱਖਣ ਵਾਲੇ ਮਨੁੱਖ ਤੇ ਲੋਭੀ ਪ੍ਰਕਿਰਤੀ ਬਾਰੇ ਚਕਿੱਤਸਕਾਂ ਤੇ ਵਿਸ਼ੇਸ਼ਗਾਂ ਨੇ ਕਾਨੂੰਨ ਦੀ ਢਿੱਲ ਦਾ ਨਜਾਇਜ਼ ਫ਼ਾਇਦਾ ਉਠਾਉਂਦਿਆਂ ਗਿਆਨ-ਵਿਗਿਆਨ ਵਲੋਂ ਮਨੁੱਖ ਦੀ ਬਿਹਤਰੀ ਲਈ ਪ੍ਰਦਾਨ ਕੀਤੀ ਅਲਟਰਾ ਸਾਊਂਡ ਸਕੈਨ ਦੀ ਦੁਰਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਤੇ ਲਿੰਗ ਦੀ ਪਛਾਣ ਕਰ ਕੇ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਚਿੰਤਾਜਨਕ ਅਸੰਤੁਲਨ ਪੈਦਾ ਹੋ ਗਿਆ ਹੈ, ਜਿਸ ਅਨੁਸਾਰ ਦੇਸ਼ ਵਿਚ 1000 ਮਰਦਾਂ ਪਿੱਛੇ ਔਰਤਾਂ ਦੀ ਪ੍ਰਤੀਸ਼ਤ ਬੁਰੀ ਤਰ੍ਹਾਂ ਘਟ ਗਈ ਹੈ । ਇਸ ਸਮੇਂ ਪੰਜਾਬ ਵਿਚ ਇਹ ਪ੍ਰਤੀਸ਼ਤ ਕੇਵਲ 893 ਹੈ । ਪਿੱਛੇ ਜਿਹੇ ਸੁਪਰੀਮ ਕੋਰਟ ਦੇ ਦਖ਼ਲ ਦੇਣ ਪਿੱਛੋਂ ਭਾਰਤ ਸਰਕਾਰ ਹਰਕਤ ਵਿਚ ਆਈ ਤੇ ਉਸ ਨੇ ਭਰੂਣ-ਹੱਤਿਆ ਨੂੰ ਰੋਕਣ ਲਈ ਕੁੱਝ ਕਦਮ ਚੁੱਕੇ ਹਨ ਪਰ ਉਹ ਪੂਰੀ ਤਰ੍ਹਾਂ ਅਸਰਦਾਰ ਸਾਬਤ ਨਹੀਂ ਹੋਏ । ਇਸ ਪ੍ਰਤੀ ਸਮਾਜ ਦਾ ਜਾਗ੍ਰਿਤ ਹੋਣਾ ਬਹੁਤ ਜ਼ਰੂਰੀ ਹੈ ।

ਸਾਨੂੰ ਭਰੂਣ-ਹੱਤਿਆ ਨੂੰ ਰੋਕਣ ਲਈ ਜੀਵ-ਵਿਗਿਆਨੀਆਂ ਦੇ ਇਸ ਸਿਧਾਂਤ ਨੂੰ ਲੋਕਾਂ ਤਕ ਪੁਚਾਉਣਾ ਚਾਹੀਦਾ ਹੈ ਕਿ ਮੁੰਡਾ ਤੇ ਕੁੜੀ ਦੋਵੇਂ ਇੱਕੋ ਜਿਹੇ ਵੰਸ਼ਗਤ ਗੁਣਾਂ ਦੇ ਧਾਰਨੀ ਹੁੰਦੇ ਹਨ ਤੇ ਦੋਹਾਂ ਨਾਲ ਕੁੱਲ ਜਾਂ ਵੰਸ਼ ਅੱਗੇ ਚਲਦੀ ਹੈ । ਅਜਿਹਾ ਨਾ ਕਰਨ ਦੀ ਸੂਰਤ ਵਿਚ ਸਮਾਜ ਵਿਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘਟਦੀ ਜਾਵੇਗੀ, ਫਲਸਰੂਪ ਨਾ ਕੇਵਲ ਔਰਤਾਂ ਪ੍ਰਤੀ ਅਪਰਾਧਾਂ ਵਿਚ ਵਾਧਾ ਹੋਵੇਗਾ, ਸਗੋਂ ਸਮਾਜ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਖ਼ੋਰਾ ਲੱਗੇਗਾ । ਇਸ ਸੰਬੰਧੀ ਸਰਕਾਰ ਨੂੰ ਵੀ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤੇ ਸਮਾਜ ਵਿਚੋਂ ਮੁੰਡਾ ਪ੍ਰਾਪਤੀ ਦੀ ਇੱਛਾ ਨੂੰ ਘਟਾਉਣ ਸੰਬੰਧੀ ਲੋਕਾਂ ਨੂੰ ਜਾਗ੍ਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਬੁਢਾਪੇ ਨੂੰ ਵੀ ਸੁਰੱਖਿਅਤ ਬਣਾਉਣਾ ਚਾਹੀਦਾ ਹੈ ।

HOLY FAITH INTERNATIONAL (P) LTD.

### (*iii*) ਸੜਕ ਦੁਰਘਟਨਾਵਾਂ

ਵਿਗਿਆਨ ਦੀ ਤਰੱਕੀ ਨੇ ਆਵਾਜਾਈ ਤੇ ਸੰਚਾਰ ਸਾਧਨਾਂ ਦਾ ਭਾਰੀ ਵਿਕਾਸ ਕੀਤਾ ਹੈ । ਆਵਾਜਾਈ ਦੇ ਖੇਤਰ ਵਿਚ ਅਨੇਕਾਂ ਵਾਹਨਾਂ ਦੀ ਕਾਢ ਕੱਢੀ ਜਾ ਚੁੱਕੀ ਹੈ । ਇਨ੍ਹਾਂ ਵਿਚ ਕਾਰਾਂ, ਮੋਟਰਾਂ, ਬੱਸਾਂ, ਸਕੂਟਰ, ਆਟੋ-ਰਿਕਸ਼ਾ ਤੇ ਮੋਟਰ-ਸਾਈਕਲ ਸੜਕ ਉੱਤੇ ਚੱਲਣ ਵਾਲੇ ਵਾਹਨ ਹਨ ਤੇ ਇਨ੍ਹਾਂ ਵਿਚ ਹੀ ਸਭ ਤੋਂ ਵੱਧ ਦੁਰਘਟਨਾਵਾਂ ਹੁੰਦੀਆਂ ਹਨ । ਦਸ-ਵੀਹ ਕਿਲੋਮੀਟਰ ਲੰਬੇ ਸੜਕ ਦੇ ਟੋਟੇ ਉੱਪਰ ਹੀ ਹਰ ਰੋਜ਼ ਕੋਈ ਨਾ ਕੋਈ ਟਰੱਕ, ਬੱਸ, ਮੈਟਾਡੋਰ, ਟੈਂਪੂ, ਮੋਟਰ-ਸਾਈਕਲ, ਸਕੂਟਰ ਜਾਂ ਆਟੋ-ਰਿਕਸ਼ਾ ਦੁਰਘਟਨਾ ਦਾ ਸ਼ਿਕਾਰ ਹੋਇਆ ਰਹਿੰਦਾ ਹੈ । ਕਈ ਵਾਰੀ ਵਾਹਨ ਪੈਦਲ ਤੁਰਨ ਵਾਲਿਆਂ ਅਤੇ ਸਾਈਕਲ ਸਵਾਰਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲੈਂਦੇ ਹਨ । ਸਿੱਟੇ ਵਜੋਂ ਜੀ. ਟੀ. ਰੋਡ ਤੇ ਹੋਰਨਾਂ ਵੱਡੀਆਂ ਸੜਕਾਂ ਦੇ ਇੰਨੇ ਕੁ ਲੰਮੇ ਟੋਟੇ ਉੱਤੇ ਹੀ ਔਸਤਨ ਇਕ ਮੌਤ ਹਰ ਰੋਜ਼ ਹੋ ਜਾਂਦੀ ਹੈ ਤੇ ਦੋ ਚਾਰ ਗੰਭੀਰ ਜਾਂ ਮਾਮੂਲੀ ਜ਼ਖ਼ਮੀ ਹੋ ਜਾਂਦੇ ਹਨ ।

ਇਨ੍ਹਾਂ ਦੁਰਘਟਨਾਵਾਂ ਦੇ ਕਈ ਕਾਰਨ ਹਨ । ਇਸ ਦਾ ਮੁੱਖ ਕਾਰਨ ਸੜਕਾਂ ਉੱਪਰ ਵਾਹਨਾਂ ਦੀ ਗਿਣਤੀ ਦਾ ਵਧਣਾ ਤੇ ਸੜਕਾਂ ਦਾ ਤੰਗ ਹੋਣਾ ਹੈ । ਸਰਕਾਰ ਵਲੋਂ ਆਵਾਜਾਈ ਦੇ ਭਿੰਨ-ਭਿੰਨ ਸਾਧਨਾਂ ਦੇ ਵਧਣ ਤੇ ਲੋਕ-ਪ੍ਰਿਯ ਹੋਣ ਦੇ ਨਾਲ ਸੜਕਾਂ ਨੂੰ ਚੌੜੀਆਂ ਕਰਨ, ਉਨ੍ਹਾਂ ਨੂੰ ਦੋਹਰੀਆਂ-ਚੌਹਰੀਆਂ ਕਰਨ ਜਾਂ ਉਨ੍ਹਾਂ ਉੱਪਰ ਆਵਾਜਾਈ ਨੂੰ ਇਕ ਪਾਸਾ ਕਰਨ ਲਈ ਯੋਗ ਕਦਮ ਨਹੀਂ ਚੁੱਕੇ ਜਾਂਦੇ । ਫਲਸਰੂਪ ਇੱਕੋ ਤੰਗ ਜਿਹੀ ਸੜਕ ਉੱਪਰ ਹਰ ਪ੍ਰਕਾਰ ਦਾ ਵਾਹਨ, ਪੈਦਲ ਅਤੇ ਪਸ਼ੂ ਚੱਲਦੇ ਹਨ । ਹਰ ਕੋਈ ਇਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਜਾਂ ਟ੍ਰੈਫਿਕ ਦੀ ਮਾਮੂਲੀ ਗ਼ਲਤੀ ਕਾਰਨ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ ।

ਦੁਰਘਟਨਾਵਾਂ ਦਾ ਅਗਲਾ ਮੁੱਖ ਕਾਰਨ ਆਵਾਜਾਈ ਦੇ ਨਿਯਮਾਂ ਦੀ ਅਗਿਆਨਤਾ ਤੇ ਉਨ੍ਹਾਂ ਦੀ ਪਾਲਣਾ ਕਰਨ ਵਿਚ ਵਰਤੀ ਜਾਂਦੀ ਅਣਗਹਿਲੀ ਹੈ । ਸੜਕ ਉੱਪਰ ਚੱਲਣ ਵਾਲੇ ਬਹੁਤ ਸਾਰੇ ਪੈਦਲਾਂ, ਸਾਈਕਲ ਸਵਾਰਾਂ ਤੇ ਸਕੂਟਰ ਸਵਾਰਾਂ ਨੂੰ ਆਵਾਜਾਈ ਦੇ ਨਿਯਮਾਂ ਤੇ ਨਿਸ਼ਾਨਾਂ ਦਾ ਪੂਰਾ ਗਿਆਨ ਨਹੀਂ । ਫਲਸਰੂਪ ਉਨ੍ਹਾਂ ਵਲੋਂ ਵਰਤੀ ਕਾਹਲੀ ਦਾ ਸਿੱਟਾ ਦੁਰਘਟਨਾ ਨਿਕਲਦਾ ਹੈ । ਟਰੱਕਾਂ ਤੇ ਬੱਸਾਂ ਦੇ ਡਰਾਈਵਰ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿਚ ਜ਼ਿਦ-ਜ਼ਿਦ ਕੇ ਦੌੜਾਂ ਲਾਉਣ ਲਗਦੇ ਹਨ । ਬਹੁਤੇ ਟਰੱਕ ਡਰਾਈਵਰ ਸ਼ਰਾਬੀ ਹੁੰਦੇ ਹਨ । ਟ੍ਰੈਕਟਰ ਡਰਾਈਵਰ ਟਰਾਲੀ ਨੂੰ ਇੰਨਾ ਲੱਦ ਲੈਂਦੇ ਹਨ ਕਿ ਸਾਰੀ ਸੜਕ ਹੀ ਰੁਕ ਜਾਂਦੀ ਹੈ । ਟੈਂਪੂਆਂ ਤੇ ਆਟੋ-ਰਿਕਸ਼ਿਆਂ ਵਾਲੇ ਸਵਾਰੀਆਂ ਨੂੰ ਹਰ ਸੱਜੇ-ਖੱਬੇ ਪਾਸੇ ਟੰਗ ਲੈਂਦੇ ਹਨ । ਇਸ ਤਰ੍ਹਾਂ ਕੰਟਰੋਲ ਤੋਂ ਬਾਹਰ ਹੋਈਆਂ ਗੱਡੀਆਂ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ । ਸਰਕਾਰ ਵਲੋਂ ਵੀ ਸ਼ਰਾਬੀ ਡਰਾਈਵਰਾਂ ਤੇ ਲੋੜ ਤੋਂ ਵੱਧ ਬੰਦੇ ਜਾਂ ਸਮਾਨ ਲੱਦਣ ਵਾਲੇ ਵਾਹਨਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ ਹੈ । ਰਿਸ਼ਵਤਖੋਰ ਕਲਰਕ ਤੇ ਅਫ਼ਸਰ ਪੈਸੇ ਲੈ ਕੇ ਅਣਸਿੱਖੇ ਲੋਕਾਂ ਨੂੰ ਡਰਾਈਵਿੰਗ ਲਾਈਸੈਂਸ ਦੇਈ ਜਾਂਦੇ ਹਨ । ਚੌਕਾਂ 'ਤੇ ਸਪੀਡ ਬਰੇਕਰਾਂ ਉੱਪਰ ਇਸ਼ਾਰਿਆਂ ਤੇ ਚੇਤਾਵਨੀਆਂ ਦਾ ਯੋਗ ਪ੍ਰਬੰਧ ਨਹੀਂ ਹੁੰਦਾ । ਮੀਂਹ ਪੈਣ ਪਿੱਛੋਂ ਸੜਕਾਂ ਵਿਚ ਪਏ ਟੋਇਆਂ ਨੂੰ ਜਲਦੀ ਪੂਰਿਆ ਨਹੀਂ ਜਾਂਦਾ । ਕਈ ਥਾਈਂ ਸੜਕਾਂ ਉੱਪਰ ਹੋਈ ਤਿਲ੍ਹਕਣ ਦੋ-ਪਹੀਆਂ ਵਾਹਨਾਂ ਦੇ ਸਵਾਰਾਂ ਲਈ ਜਾਨ-ਲੇਵਾ ਸਿੱਧ ਹੁੰਦੀ ਹੈ । ਇਸ ਪ੍ਰਕਾਰ ਸਾਡੇ ਦੇਸ਼ ਵਿਚ ਸੜਕ ਦੀ ਆਵਾਜਾਈ ਦੁਰਘਟਨਾਵਾਂ ਭਰਪੂਰ ਹੈ । ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਸਰਕਾਰ ਨੂੰ ਸੜਕਾਂ ਚੌੜੀਆਂ ਕਰਨੀਆਂ ਚਾਹੀਦੀਆਂ ਹਨ । ਆਵਾਜਾਈ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤੇ ਕਸੂਰਵਾਰਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ । ਸਾਨੂੰ ਵੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਪੂਰੀ ਚੌਕਸੀ ਨਾਲ ਕਰਨੀ ਚਾਹੀਦੀ ਹੈ ।

**9. ਉੱਤਰ—**

ਪ੍ਰੀਖਿਆ ਭਵਨ,
....... ਸਕੂਲ,
....... ਸ਼ਹਿਰ ।

10 ਜਨਵਰੀ, 20......

ਪਿਆਰੇ ਸੁਰਿੰਦਰ,

ਮੈਨੂੰ ਮਾਤਾ ਜੀ ਦੀ ਚਿੱਠੀ ਤੋਂ ਪਤਾ ਲੱਗਾ ਹੈ ਕਿ ਤੇਰੀ ਸਿਹਤ ਠੀਕ ਨਹੀਂ ਰਹਿੰਦੀ । ਇਸ ਦਾ ਕਾਰਨ ਉਨ੍ਹਾਂ ਇਹ ਦੱਸਿਆ ਹੈ ਕਿ ਤੂੰ ਰਾਤ-ਦਿਨ ਪੜ੍ਹਾਈ ਵਿਚ ਸਿਰ ਸੁੱਟ ਕੇ ਲੱਗਾ ਰਹਿੰਦਾ ਹੈਂ । ਤੈਨੂੰ ਖਾਣ-ਪੀਣ ਜਾਂ ਅਰਾਮ ਕਰਨ ਦੀ ਜ਼ਰਾ ਵੀ ਸੁਰਤ ਨਹੀਂ । ਉਨ੍ਹਾਂ ਮੈਨੂੰ ਲਿਖਿਆ ਹੈ ਕਿ ਤੇਰੀ ਭੁੱਖ ਬਹੁਤ ਘਟ ਗਈ ਹੈ ਤੇ ਰੰਗ ਪੀਲਾ ਹੋ ਗਿਆ ਹੈ । ਇਹ ਗੱਲਾਂ ਜਾਣ ਕੇ ਮੇਰਾ ਮਨ ਬਹੁਤ ਫ਼ਿਕਰਮੰਦ ਹੋਇਆ ਹੈ । ਭਾਵੇਂ ਮੈਂ ਤੇਰੀ ਪੜ੍ਹਾਈ ਵਿਚ ਲਗਨ ਦੀ ਪ੍ਰਸ਼ੰਸਾ ਕਰਦਾ ਹਾਂ, ਪਰ ਤੈਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਸਿਹਤ ਇਕ ਵੱਡਮੁੱਲਾ ਖ਼ਜ਼ਾਨਾ ਹੈ । ਇਸ ਨਾਲ ਹੀ ਦੁਨੀਆਂ ਦੇ ਸਾਰੇ ਆਨੰਦ ਮਾਣੇ ਜਾਂਦੇ ਹਨ । ਜੇਕਰ ਤੂੰ ਆਪਣੀ ਸਿਹਤ ਚੰਗੀ ਰੱਖੇਂਗਾ, ਤਾਂ ਤੂੰ ਆਪਣੇ ਦਿਮਾਗ਼ ਤੋਂ ਵੀ ਵਧੇਰੇ ਕੰਮ ਲੈ ਸਕਦਾ ਹੈਂ । ਇਸ ਕਰਕੇ ਤੈਨੂੰ ਸਿਹਤ ਦਾ ਪੂਰਾ-ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ ਤੇ ਇਸ ਮੰਤਵ ਲਈ ਤੈਨੂੰ ਹਰ ਰੋਜ਼ ਖੇਡਾਂ ਵਿਚ ਭਾਗ ਲੈਣਾ ਚਾਹੀਦਾ ਹੈ ।

ਇਕ ਵਿਦਿਆਰਥੀ ਲਈ ਖੇਡਾਂ ਦੀ ਬਹੁਤ ਜ਼ਰੂਰਤ ਹੈ । ਇਨ੍ਹਾਂ ਦੀ ਉਸ ਦੇ ਜੀਵਨ ਵਿਚ ਬਹੁਤ ਮਹਾਨਤਾ ਹੈ । ਵਿਦਿਆਰਥੀ ਜੀਵਨ ਦਾ ਅਰਥ ਇਹ ਨਹੀਂ ਕਿ ਹਰ ਸਾਲ ਇਕ ਇਮਤਿਹਾਨ ਪਾਸ ਕਰ ਲਿਆ ਜਾਵੇ, ਸਗੋਂ ਇਸ ਸਮੇਂ ਵਿਚ ਨੌਜਵਾਨਾਂ ਨੂੰ ਆਪਣੀ ਦਿਮਾਗ਼ੀ ਉੱਨਤੀ ਦੇ ਨਾਲ-ਨਾਲ ਸਰੀਰਕ ਉੱਨਤੀ ਦਾ ਵੀ ਪੂਰਾ-ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ ਕਿਉਂਕਿ 'ਜਾਨ ਨਾਲ ਹੀ ਜਹਾਨ' ਹੈ । ਰਿਸ਼ਟ-ਪੁਸ਼ਟ ਸਰੀਰ ਨਾਲ ਹੀ ਉੱਨਤ ਦਿਮਾਗ ਤੋਂ ਕੰਮ ਲਿਆ ਜਾ ਸਕਦਾ ਹੈ । ਇਸ ਕਰਕੇ ਤੈਨੂੰ ਆਪਣੀ ਸਿਹਤ ਦਾ ਪੂਰਾ-ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ ਤੇ ਇਸ ਮੰਤਵ ਲਈ ਤੈਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਸਿਹਤ ਨੂੰ ਠੀਕ ਰੱਖਣ ਲਈ ਖੇਡਾਂ ਵਿਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ ।

ਖੇਡਾਂ ਨਾਲ ਸਾਡੇ ਸਰੀਰ ਨੂੰ ਬਹੁਤ ਲਾਭ ਪਹੁੰਚਦਾ ਹੈ । ਖੇਡਦੇ ਸਮੇਂ ਦਿਮਾਗ਼ ਤੇ ਸਰੀਰ ਦੋਵੇਂ ਹਰਕਤ ਕਰਦੇ ਹਨ । ਖੇਡਾਂ ਦਾ

HOLY FAITH INTERNATIONAL (P) LTD.

ਮਤਲਬ ਇਹ ਨਹੀਂ ਕਿ ਤੁਸੀਂ ਤਾਸ਼ ਜਾਂ ਵੀ. ਡੀ. ਓ. ਗੇਮਾਂ ਖੇਡੋ, ਸਗੋਂ ਫੁੱਟਬਾਲ, ਹਾਕੀ, ਕਬੱਡੀ, ਕ੍ਰਿਕਟ ਤੇ ਦੌੜਾਂ ਆਦਿ ਤੋਂ ਹੈ । ਇਨ੍ਹਾਂ ਨਾਲ ਸਾਡੇ ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ, ਫੇਫੜਿਆਂ ਨੂੰ ਤਾਜ਼ੀ ਹਵਾ ਮਿਲਦੀ ਹੈ, ਖ਼ੂਨ ਸਾਫ਼ ਹੁੰਦਾ ਹੈ, ਦਿਮਾਗ਼ ਦੀ ਥਕਾਵਟ ਦੂਰ ਹੁੰਦੀ ਹੈ,ਪੇਟ ਦੀ ਕਸਰਤ ਹੋਣ ਨਾਲ ਖਾਧਾ-ਪੀਤਾ ਹਜ਼ਮ ਹੁੰਦਾ ਹੈ, ਮਨ ਨੂੰ ਪ੍ਰਸੰਨਤਾ ਮਿਲਦੀ ਹੈ ਅਤੇ ਸਰੀਰ ਤੇ ਦਿਮਾਗ਼ ਨੂੰ ਚੁਸਤੀ ਤੇ ਫ਼ੁਰਤੀ ਨਾਲ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ । ਇਸ ਕਰਕੇ ਖੇਡਾਂ ਦਾ ਤੈਨੂੰ ਦੋਹਰਾ ਲਾਭ ਹੋਵੇਗਾ–ਤੇਰੀ ਸਿਹਤ ਵੀ ਚੰਗੀ ਰਹੇਗੀ ਤੇ ਪੜ੍ਹਾਈ ਵੀ ਚੰਗੀ ਹੋਵੇਗੀ ।

ਮੈਂ ਆਸ ਕਰਦਾ ਹਾਂ ਕਿ ਤੂੰ ਮੇਰੀਆਂ ਗੱਲਾਂ ਵਲ ਧਿਆਨ ਦੇਵੇਂਗਾ ਤੇ ਖੇਡਾਂ ਦੀ ਮਹਾਨਤਾ ਨੂੰ ਸਮਝਦਾ ਹੋਇਆ ਇਨ੍ਹਾਂ ਨੂੰ ਆਪਣੇ ਲਈ ਪੜ੍ਹਾਈ ਵਾਂਗ ਹੀ ਜ਼ਰੂਰੀ ਸਮਝੇਂਗਾ ।

ਮਾਤਾ ਜੀ ਤੇ ਪਿਤਾ ਜੀ ਨੂੰ ਸਤਿ ਸ੍ਰੀ ਅਕਾਲ ।

ਤੇਰਾ ਵੱਡਾ ਵੀਰ,

ਰੋਲ ਨੰ:........।

***ਜਾਂ***

99, ਸ਼ਕਤੀ ਨਗਰ,

ਮੁਕੇਰੀਆਂ ।

ਟੈਲੀਫੋਨ ........

12 ਨਵੰਬਰ, 20...

ਸੰਪਾਦਕ,

ਰੋਜ਼ਾਨਾ ਅਜੀਤ,

ਜਲੰਧਰ ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਜਲੰਧਰ-ਪਠਾਨਕੋਟ ਸੜਕ ਉੱਤੇ ਸਥਿਤ ਮੁਕੇਰੀਆਂ ਸ਼ਹਿਰ ਵਿਚ ਰੋਜ਼ ਸੈਂਕੜੇ ਬੱਸਾਂ ਆਉਂਦੀਆਂ-ਜਾਂਦੀਆਂ ਹਨ, ਪਰ ਇੱਥੋਂ ਦਾ ਬੱਸ ਅੱਡਾ ਨਾ ਹੋਣ ਦੇ ਬਰਾਬਰ ਹੈ, ਜਿਸ ਕਰਕੇ ਮੁਸਾਫ਼ਰਾਂ ਨੂੰ ਖ਼ਾਸ ਕਰਕੇ ਦੂਰ ਦਾ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੂੰ ਚੋਖੀ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ ।

(1) ਇਸ ਬੱਸ ਅੱਡੇ ਉੱਤੇ ਕੋਈ ਛੱਤੀ ਹੋਈ ਥਾਂ ਨਹੀਂ, ਜਿੱਥੇ ਕੜਕਦੀ ਗਰਮੀ ਜਾਂ ਸਰਦੀ ਵਿਚ ਮੁਸਾਫ਼ਰ ਆਪਣਾ ਸਿਰ ਲੁਕਾ ਸਕਣ । ਬਰਸਾਤਾਂ ਦੇ ਦਿਨਾਂ ਵਿਚ ਤਾਂ ਕਈ ਮੁਸਾਫ਼ਰਾਂ ਦਾ ਸਾਰਾ ਸਮਾਨ ਪਾਣੀ ਨਾਲ ਗੜੁੱਚ ਹੋ ਜਾਂਦਾ ਹੈ ।

(2) ਅੱਡ-ਅੱਡ ਰੂਟਾਂ 'ਤੇ ਚੱਲਣ ਵਾਲੀਆਂ ਬੱਸਾਂ ਦੇ ਠਹਿਰਨ ਲਈ ਕੋਈ ਨਿਸਚਿਤ ਥਾਂ ਨਹੀਂ । ਬੱਸਾਂ ਦੇ ਡਰਾਈਵਰ ਆਪਣੀ ਮਰਜ਼ੀ ਅਨੁਸਾਰ ਜਿੱਥੇ ਜੀਅ ਕਰੇ ਬੱਸ ਖੜ੍ਹੀ ਕਰ ਦਿੰਦੇ ਹਨ ਤੇ ਦੂਜੀ ਥਾਂ 'ਤੇ ਖੜ੍ਹੇ ਮੁਸਾਫ਼ਰ ਉਸ ਦੀ ਉਡੀਕ ਕਰਦੇ ਹੀ ਰਹਿ ਜਾਂਦੇ ਹਨ ।

(3) ਪਾਣੀ ਦੇ ਪ੍ਰਬੰਧ ਲਈ ਇੱਥੇ ਕੋਈ ਟੂਟੀ ਨਹੀਂ ।

(4) ਸਫ਼ਾਈ ਦਾ ਪ੍ਰਬੰਧ ਨਾ ਹੋਣ ਕਰਕੇ ਇੱਥੇ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ ਅਤੇ ਨੱਕ ਸਾੜਵੀਂ ਬਦਬੂ ਉੱਠਦੀ ਰਹਿੰਦੀ ਹੈ ।

ਉਮੀਦ ਕੀਤੀ ਜਾਂਦੀ ਹੈ ਕਿ ਆਪ ਇਨ੍ਹਾਂ ਸ਼ਬਦਾਂ ਨੂੰ ਆਪਣੀ ਅਖ਼ਬਾਰ ਵਿਚ ਥਾਂ ਦੇਵੋਗੇ । ਸ਼ਾਇਦ ਟਰਾਂਸਪੋਰਟ ਮਹਿਕਮੇ ਦੇ ਕੰਨਾਂ ਉੱਤੇ ਜੂੰ ਸਰਕ ਹੀ ਜਾਵੇ ।

ਧੰਨਵਾਨ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,

ਮਹਿੰਦਰ ਸਿੰਘ ।

**10. ਉੱਤਰ**–ਇਸ ਚਿਤਰ ਵਿਚ ਬਹੁਤ ਸਾਰੇ ਲੋਕ ਯੋਗ ਅਭਿਆਸ ਵਿਚ ਹਿੱਸਾ ਲੈ ਰਹੇ ਦਿਖਾਈ ਦੇ ਰਹੇ ਹਨ । ਸ਼ਾਇਦ ਉਹ ਸਾਰੇ ਕਿਸੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਯੋਗ-ਉਤਸਵ ਵਿਚ ਹਿੱਸਾ ਲੈ ਰਹੇ ਹਨ । ਸਾਹਮਣੇ ਦੋ ਕੁੜੀਆਂ ਮੈਟ ਉੱਤੇ ਸਰਪ ਆਸਣ ਲਾ ਕੇ ਇਸ ਉਤਸਵ ਵਿਚ ਭਾਗ ਲੈ ਰਹੇ ਸੈਂਕੜੇ ਲੋਕਾਂ ਦੀ ਅਗਵਾਈ ਕਰ ਰਹੀਆਂ ਹਨ । ਇਹ ਸਾਰੇ ਲੋਕ ਯੋਗ ਦੇ ਸਿਹਤ ਨੂੰ ਬਰਕਰਾਰ ਰੱਖਣ ਵਿਚ ਮਹੱਤਵ ਨੂੰ ਸਮਝ ਰਹੇ ਹਨ । ਇਹ ਸਾਰਾ ਉਤਸਵ ਇਕ ਖੁੱਲ੍ਹੀ ਹਰੀ-ਭਰੀ ਪਾਰਕ ਵਿਚ ਮਨਾਇਆ ਜਾ ਰਿਹਾ ਹੈ ।

**11. ਉੱਤਰ**–(*i*) ਘਰ ਤੋਂ, (*ii*) ਭੈਣ, (*iii*) ਨਰਿੰਦਰ ਸਿੰਘ ਕਪੂਰ, (*iv*) ਕੁਲਫ਼ੀ, (*v*) ਜਗੀਰ ਕੌਰ,(*vi*) ਕਰਮ ਸਿੰਘ ਦੀ ।

**12. ਉੱਤਰ**–(*i*) ਪਰਮਾਤਮਾ ਦਾ, (*ii*) ਕਲਯੁਗ, (*iii*) ਸਿੱਖਾਂ ਤੇ ਅੰਗਰੇਜ਼ਾਂ ਦੀ, (*iv*) ਦੋ ਧੀਆਂ, (*v*) ਨੂੰਹ,(*vi*) ਸ਼ਹਿਜ਼ਾਦਾ ਮੁਅੱਜ਼ਮ ।

**13. ਉੱਤਰ**–(*i*) ਸਿੱਖ ਧਰਮ ਵਿਚ, (*ii*) ਚਾਰ, (*iii*) ਨਰਿੰਦਰ ਸਿੰਘ ਕਪੂਰ, (*iv*) ਸੁਸਾਇਟੀ ਦੇ ਇਨਸਪੈਕਟਰ,(*v*) ਡਾਕੀਏ ਤੋਂ ।

**14. ਉੱਤਰ**–

(*i*) ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਦੀਆਂ ਅੱਖਾਂ ਸਾਹਮਣੇ ਚਿੱਟੀ ਦੁੱਧ ਕੁਲਫ਼ੀ ਨੱਚਣ ਲੱਗ ਪਈ । ਉਸ ਦੇ ਮੂੰਹ ਵਿਚ ਪਾਣੀ ਆ ਗਿਆ ਪਰ ਉਹ ਆਪਣੀ ਆਰਥਿਕ ਤੰਗੀ ਕਰਕੇ ਕੁਲਫ਼ੀ ਖ਼ਰੀਦਣ ਤੋਂ ਅਸਮਰਥ ਸੀ । ਉਹ ਸੋਚ ਰਿਹਾ ਸੀ ਕਿ ਉਸ ਦੀ ਤਨਖ਼ਾਹ ਤਾਂ ਮਹੀਨੇ ਦੇ ਪਹਿਲੇ ਪੰਦਰਾਂ ਦਿਨਾਂ ਵਿਚ ਹੀ ਉਡ-ਪੁੱਡ ਜਾਂਦੀ ਹੈ । ਉਹ ਪੈਸੇ ਦੀ ਤੰਗੀ ਨੂੰ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਅਨੁਭਵ ਕਰ ਰਿਹਾ ਸੀ ।

(*ii*) ਕਰਤਾਰ ਸਿੰਘ ਆਪਣੀ ਭੈਣ ਦੀਆਂ ਕੁੜੀਆਂ ਦੇ ਵਿਆਹ ਦੀ ਚਿੱਠੀ ਆਉਣ ਕਰਕੇ ਇਸ ਕਰਕੇ ਖਿਝਿਆ-ਖਿਝਿਆ ਰਹਿੰਦਾ ਸੀ ਕਿਉਂਕਿ ਉਸ ਨੇ ਦੋਹਾਂ ਕੁੜੀਆਂ ਦੇ ਇਕੱਠੇ ਵਿਆਹ ਉੱਤੇ ਇਕੱਲੇ ਭਰਾ ਨੂੰ ਬਣ-ਠਣ ਕੇ ਆਉਣ ਲਈ ਕਿਹਾ ਸੀ । ਕਰਤਾਰ ਸਿੰਘ ਨੇ ਇਨ੍ਹਾਂ ਵਿਆਹਾਂ ਦੇ ਖ਼ਰਚਿਆਂ ਲਈ ਸ਼ਾਹਾਂ ਤੋਂ ਪੁੱਛਿਆ ਸੀ, ਪਰ ਉਨ੍ਹਾਂ ਦਾ ਭਾਰੀ ਵਿਆਜ ਕੌਣ ਦੇਵੇ । ਉਹ ਜਾਗੀਰ ਕੌਰ ਤੋਂ ਟੂੰਮਾਂ ਮੰਗਦਾ ਸੀ, ਪਰ ਉਹ ਦੇਣ ਲਈ ਤਿਆਰ ਨਹੀਂ ਸੀ, ਇਸ ਕਰਕੇ ਉਹ ਖਿਝਿਆ-ਖਿਝਿਆ ਰਹਿੰਦਾ ਸੀ ।

(*iii*) ਮਾਨ ਸਿੰਘ ਨੇ ਦੇਖਿਆ ਕਿ ਕਰਮ ਸਿੰਘ ਦੇ ਘਰ ਨਾ ਤਾਂ ਕੋਈ ਬਹੁਤੀ ਗੱਲ-ਬਾਤ ਕਰਦਾ ਹੈ ਤੇ ਨਾ ਹੀ ਕਰਮ ਸਿੰਘ ਦੀ ਗੱਲ ਛੇੜਦਾ ਜਾਂ ਸੁਣਦਾ ਹੈ, ਕਰਮ ਸਿੰਘ ਦਾ ਬਾਪੂ ਤੇ ਭਰਾ ਜਸਵੰਤ ਸਿੰਘ ਉਸ ਦੀ ਕਰਮ ਸਿੰਘ ਬਾਰੇ ਸ਼ੁਰੂ ਕੀਤੀ ਗੱਲ ਦਾ ਰੁੱਖ ਹੋਰ

HOLY FAITH INTERNATIONAL (P) LTD.

ਪਾਸੇ ਮੋੜ ਦਿੰਦੇ ਹਨ । ਉਸ ਨੂੰ ਕਰਮ ਸਿੰਘ ਦੇ ਮੁੰਡੇ ਨਾਲ ਵੀ ਖੇਡਣ ਨਾ ਦਿੱਤਾ ਗਿਆ, ਤਾਂ ਉਸ ਨੂੰ ਬਹੁਤ ਦੁੱਖ ਹੋਇਆ ਤੇ ਇਸ ਤਰ੍ਹਾਂ ਉਸ ਨੂੰ ਉੱਥੇ ਆਪਣੀ ਆਸ ਜਿੰਨਾ ਸੁਆਦ ਨਾ ਆਇਆ ।

(*iv*) ਅਸਦ ਖ਼ਾਨ ਔਰੰਗਜ਼ੇਬ ਨੂੰ ਸਲਾਹ ਦਿੰਦਾ ਹੈ ਕਿ ਉਹ ਗੁਰੂ ਜੀ ਨੂੰ ਆਪਣੇ ਹੱਥੀਂ ਚਿੱਠੀ ਲਿਖੇ ਤੇ ਇਤਬਾਰਯੋਗ ਕਾਸ਼ਦ ਦੇ ਹੱਥ ਭੇਜ ਕੇ ਗੁਰੂ ਜੀ ਨੂੰ ਬਾਇੱਜ਼ਤ ਆਪਣੇ ਦਰਬਾਰ ਵਿਚ ਬੁਲਾਵੇ ।

(*v*) ਇਸਦਾ ਕਾਰਨ ਇਹ ਸੀ ਕਿ ਉਸਦੀ ਪਤਨੀ ਸੁਖਦੇਵ ਕੌਰ ਨੇ ਦੋ ਕੁੜੀਆਂ ਨੂੰ ਜਨਮ ਦਿੱਤਾ ਸੀ ਤੇ ਮੁੰਡਾ ਕੋਈ ਨਹੀਂ ਸੀ । ਇਸਦਾ ਕਾਰਨ ਇਹ ਵੀ ਸੀ ਕਿ ਉਸਦੀ ਪਤਨੀ ਸੁਖਦੇਵ ਕੌਰ ਉਸਨੂੰ ਬਹੁਤੀ ਸ਼ਰਾਬ ਪੀਣ ਤੇ ਦੁਰ-ਵਿਹਾਰ ਕਰਨ ਤੋਂ ਰੋਕਦੀ ਸੀ ।

(*vi*) ਇਹ ਕਥਨ ਬਿਲਕੁਲ ਠੀਕ ਹੈ ਕਿ ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ । ਜਿੱਥੇ ਉਸ ਦੇ ਆਚਰਨ ਨੂੰ ਬਣਾਉਣ ਵਿਚ ਸਮਾਜਿਕ ਅਤੇ ਮੁਲਕੀ ਆਲ਼ੇ-ਦੁਆਲ਼ੇ ਦਾ ਪ੍ਰਭਾਵ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਵੀ ਘੱਟ ਕੰਮ ਨਹੀਂ ਕਰਦੇ । ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਕੋਝੇ, ਸੜੀਅਲ ਅਤੇ ਖਿਝੂ ਹੁੰਦੇ ਹਨ, ਜਦ ਕਿ ਘਰ ਵਿਚਲਾ ਸੰਬੰਧੀਆਂ ਦਾ ਪਿਆਰ ਮਨੁੱਖ ਵਿੱਚ ਪਿਆਰ, ਹਮਦਰਦੀ, ਨਿਮਰਤਾ, ਕੁਰਬਾਨੀ ਤੇ ਸੇਵਾ ਦੇ ਗੁਣ ਪੈਦਾ ਕਰਦਾ ਹੈ ।

(*vii*) ਠੀਕ ਹੀ ਬੋਲੀ ਜ਼ਿੰਦਗੀ ਦੀ ਅਮੀਰੀ ਵਿਚੋਂ ਆਪਣੇ ਲਫ਼ਜ਼ ਚੁਣਦੀ ਹੈ । ਬੋਲੀ ਵਿਚ ਸਮੋਇਆ ਹਰ ਇਕ ਸ਼ਬਦ ਕਿਸੇ ਤਜਰਬੇ ਦਾ ਹਿੱਸਾ ਅਤੇ ਹਰ ਇਕ ਤਜਰਬਾ ਕਿਸੇ ਅਕਲ ਦਾ ਹਿੱਸਾ ਹੁੰਦਾ ਹੈ । ਤਜਰਬਾ ਤੇ ਅਕਲ਼ ਹੀ ਜ਼ਿੰਦਗੀ ਦੀ ਅਮੀਰੀ ਹੈ, ਜਿਸ ਵਿਚੋਂ ਬੋਲੀ ਨੇ ਸ਼ਬਦ ਚੁਣੇ ਹੁੰਦੇ ਹਨ ਤੇ ਆਪਣੇ ਆਪ ਨੂੰ ਵੀ ਭਰਪੂਰ ਕੀਤਾ ਹੁੰਦਾ ਹੈ ।

(*viii*) ਪ੍ਰਾਰਥਨਾ ਕਰਨ ਨਾਲ ਕੈਦੀ ਦਾ ਮਨ ਸ਼ਾਂਤ ਹੋ ਗਿਆ । ਉਹ ਹਰ ਰੋਜ਼ ਪਾਠ ਕਰਨ ਤੇ ਉਸ ਦੇ ਅਰਥ ਸਮਝਣ ਲੱਗਾ, ਜਿਸ ਨਾਲ ਉਸ ਦੇ ਸੁਭਾ ਵਿਚ ਮਿਠਾਸ ਤੇ ਨਿਮਰਤਾ ਆ ਗਈ । ਉਸ ਦਾ ਪਰਮੇਸ਼ਰ ਵਿਚ ਅਟੁੱਟ ਵਿਸ਼ਵਾਸ ਕਾਇਮ ਹੋ ਗਿਆ ਤੇ ਉਸ ਨੇ ਸੰਸਾਰਿਕ ਪਦਾਰਥਾਂ ਤੇ ਪਦਵੀਆਂ ਤੋਂ ਵੀ ਮੂੰਹ ਮੋੜ ਲਿਆ ।

**15. ਉੱਤਰ–**

(*i*) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ/ਬਾਣੀ ਵਿਚ ਗੁਰੂ ਜੀ ਪਰਮਾਤਮਾ ਦੀ ਮਹਿਮਾ ਕਰਦਿਆਂ ਕਹਿੰਦੇ ਹਨ ਕਿ ਉਹ ਪਰਮਾਤਮਾ ਹੀ ਉਨ੍ਹਾਂ ਦਾ ਪਿਤਾ, ਮਾਤਾ, ਭਰਾ, ਸਾਕ-ਸੰਬੰਧੀ ਹੈ । ਉਹ ਉਨ੍ਹਾਂ ਦਾ ਰੱਖਿਅਕ ਤੇ ਆਸਰਾ ਹੈ । ਉਸਦੀ ਕਿਰਪਾ ਨਾਲ ਹੀ ਉਹ ਉਸ ਨਾਲ ਡੂੰਘੀ ਸਾਂਝ ਪਾ ਸਕਦੇ ਹਨ । ਸਾਰਾ ਸੰਸਾਰ ਉਸਦਾ ਪੈਦਾ ਕੀਤਾ ਹੈ ਤੇ ਸਾਰੇ ਉਸਦੇ ਭਾਣੇ ਵਿਚ ਬੱਝੇ ਹੋਏ ਹਨ । ਉਸਦਾ ਨਾਮ ਸਿਮਰ ਕੇ ਮਨ ਠੰਢਾ-ਠਾਰ ਹੁੰਦਾ ਹੈ ਤੇ ਆਤਮਿਕ ਆਨੰਦ ਮਿਲਦਾ ਹੈ ਪਰ ਇਹ ਅਵਸਥਾ ਪੂਰਨ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ ।

***ਜਾਂ***

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਲਯੁਗ ਵਿਚ ਪ੍ਰਗਟ ਹੋਣ ਨਾਲ ਸੰਸਾਰ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ । ਜਿੱਥੇ-ਜਿੱਥੇ ਗੁਰੂ ਜੀ ਨੇ ਪੈਰ ਧਰਿਆ, ਉਹ ਥਾਂ ਪੂਜਣ-ਯੋਗ ਹੋ ਗਈ । ਇਸ ਤਰ੍ਹਾਂ ਗੁਰੂ ਜੀ ਦੇ ਪ੍ਰਭਾਵ ਨਾਲ ਘਰ-ਘਰ ਵਿਚ ਧਰਮਸਾਲ ਸਥਾਪਿਤ ਹੋ ਗਈ, ਜਿੱਥੇ ਸਦਾ ਕੀਰਤਨ ਹੁੰਦਾ ਸੀ । ਇਸ ਤਰ੍ਹਾਂ ਗੁਰੂ ਜੀ ਨੇ ਚਾਰੇ ਦਿਸ਼ਾਵਾਂ ਤਾਰ ਦਿੱਤੀਆਂ ਤੇ ਪ੍ਰਿਥਵੀ ਉੱਤੇ ਸੱਚ ਦਾ ਪਸਾਰ ਹੋ ਗਿਆ ।

(*ii*) ਇਹ ਵਿਚਾਰ ਬਿਲਕੁਲ ਠੀਕ ਹੈ ਕਿ ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ । ਜਿਹੜਾ ਮਨੁੱਖ ਆਪਣੇ ਘਰ ਵਿਚ ਆਪਣੇ ਮਾਤਾ-ਪਿਤਾ, ਪਤਨੀ ਤੇ ਬੱਚਿਆਂ ਨੂੰ ਪਿਆਰ ਨਹੀਂ ਕਰਦਾ, ਉਸ ਵਿਚ ਸਮਾਜ ਅਤੇ ਦੇਸ਼ ਦਾ ਪਿਆਰ ਵੀ ਪੈਦਾ ਨਹੀਂ ਹੋ ਸਕਦਾ । ਅਸਲ ਵਿਚ ਸਾਡੇ ਘਰ ਵਿਚ ਵਸਦਾ ਪਰਿਵਾਰ, ਸਮਾਜ ਅਤੇ ਦੇਸ਼ ਦੀ ਇਕ ਇਕਾਈ ਹੁੰਦਾ ਹੈ । ਇਸ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ ।

***ਜਾਂ***

ਪੁਰਾਣੇ ਸਮੇਂ ਵਿਚ ਭਲਵਾਨ (ਪਹਿਲਵਾਨ) ਢੋਲ ਵਾਲੇ ਨੂੰ ਲੈ ਕੇ ਦਿਗ-ਵਿਜੈ ਦਾ ਝੰਡਾ ਫੜ ਕੇ ਚੜ੍ਹਦੇ ਸਨ । ਉਹ ਇਕ ਪਿੰਡ ਨੂੰ ਫ਼ਤਹਿ ਕਰਦੇ ਤੇ ਅਗਲੇ ਪਿੰਡ ਉੱਤੇ ਚੜ੍ਹਾਈ ਕਰ ਦਿੰਦੇ । ਉਨ੍ਹਾਂ ਦੇ ਨਾਲ ਮੁੰਡੀਹਰ ਤੇ ਕਈ ਪੱਠੇ ਚਾਂਭਲੇ ਹੁੰਦੇ । ਜਿਸ ਪਿੰਡ ਉਹ ਪੁੱਜਦੇ, ਉੱਥੋਂ ਦੇ ਲੋਕਾਂ ਲਈ ਉਨ੍ਹਾਂ ਦਾ ਸਵਾਗਤ ਕਰਨਾ ਜ਼ਰੂਰੀ ਹੁੰਦਾ । ਫਿਰ ਉਹ ਝੰਡਾ ਗੱਡ ਦਿੰਦੇ ਕਿ ਜੇਕਰ ਕੋਈ ਉੱਥੇ ਜ਼ੋਰ ਵਾਲਾ ਹੈ, ਤਾਂ ਉਨ੍ਹਾਂ ਨਾਲ ਘੁਲ ਲਵੇ ।

**16. ਉੱਤਰ–**

(*i*) ਇਕਾਂਗੀ ਦੇ ਅੰਤ ਵਿਚ ਪਛਤਾਵੇ ਨਾਲ ਭਰਿਆ ਔਰੰਗਜ਼ੇਬ ਕਹਿੰਦਾ ਹੈ ਕਿ ਉਹ ਸਭ ਕੁੱਝ ਸਮਝਦਾ ਹੈ ਕਿ ਲੋਕ ਉਸ ਨੂੰ ਇਨਸਾਨ ਵੀ ਨਹੀਂ ਸਮਝਣਗੇ । ਉਹ ਅਣਗਿਣਤ ਲੜਾਈਆਂ ਜਿੱਤ ਕੇ ਵੀ ਜ਼ਿੰਦਗੀ ਦੀ ਬਾਜ਼ੀ ਹਾਰ ਗਿਆ ਹੈ । ਉਹ ਇਸ ਦੁਨੀਆਂ ਤੋਂ ਗੁਨਾਹਾਂ ਦੇ ਭਾਰ ਨਾਲ ਲੱਦਿਆ ਜਾਵੇਗਾ । ਉਹ ਆਪਣੇ ਬੇਟਿਆਂ ਨੂੰ ਅਜਿਹੇ ਗੁਨਾਹਾਂ ਤੋਂ ਬਚਣ ਲਈ ਤਾੜਨਾ ਭਰੀ ਵਸੀਅਤ ਲਿਖਣੀ ਚਾਹੁੰਦਾ ਹੈ ।

(*ii*) ਇਸਦਾ ਕਾਰਨ ਇਹ ਸੀ ਕਿ ਸੁਖਦੇਵ ਦੇ ਬਾਪੂ ਵਲੋਂ ਨਿਹਾਲ ਕੌਰ ਨੂੰ ਸਦਾ ਦੂਜਾ ਵਿਆਹ ਕਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਸਨ ਤੇ ਉਸਨੇ ਦੂਜਾ ਵਿਆਹ ਕਰਵਾ ਵੀ ਲਿਆ ਸੀ ਪਰ ਦੂਜੀ ਪਤਨੀ ਪੰਜ ਕੁ ਸਾਲ ਮਗਰੋਂ ਬੇ-ਔਲਾਦ ਹੀ ਮਰ ਗਈ ਸੀ । ਨਿਹਾਲ ਕੌਰ ਸਮਝਦੀ ਹੈ ਕਿ ਨੂੰਹ ਉੱਤੇ ਕਾਬੂ ਰੱਖਣ ਲਈ ਉਸਨੂੰ ਪੁੱਤਰ ਦੇ ਦੂਜੇ ਵਿਆਹ ਦੀ ਧਮਕੀ ਦੇਣੀ ਜ਼ਰੂਰੀ ਹੈ ਤੇ ਨਾਲ ਹੀ ਉਹ ਸੁਕਣੱਤ ਦਾ ਬਦਲਾ ਵੀ ਲੈਣਾ ਚਾਹੁੰਦੀ ਹੈ ।

# ਨਿਊ ਸਟਾਈਲ ਮਾਡਲ ਟੈੱਸਟ ਪੇਪਰ—4

**1. ਉੱਤਰ**—(*i*) ਘਰ ਵਿਚ, (*ii*) ਮਾਂ ਦੀ, (*iii*) ਘਰ ਦੀ ਚਾਰ-ਦੀਵਾਰੀ ਦਾ, (*iv*) ਸੜੀਅਲ/ਕੋਝੇ/ਖਿਝੂ, (*v*) ਘਰ ਦੇ ਪਿਆਰ ਤੋਂ ਸੱਖਣੇ, (*vi*) ਘਰ ਦਾ ਪਿਆਰ ।

**2. ਉੱਤਰ**—

(*i*) ਮੋਮਬੱਤੀਆਂ । (*ii*) ਤੱਤੀਆਂ ।

(*iii*) ਬਦਨਾਮ । (*vi*) ਬੁਝੇ ਹੋਏ ।

**3. ਉੱਤਰ**—(*i*) ਬਾਲ-ਵਿਧਵਾ, (*ii*) ਜ਼ਿਮੀ-ਅਸਮਾਨ, (*iii*) ਥਾਂ-ਟਿਕਾਣਾ ।

**4. ਉੱਤਰ**—(*i*) ਤੇਰੀ ਉਲਟੀ ਵਾਲੀ ਥਾਂ ਉੱਤੇ, ਬੱਸ ਉਲਟੀ ਪਈ ਸੀ, (*ii*) ਸ਼ਰਾਬ, (*iii*) ਠੀਕ ।

**5. ਉੱਤਰ**—(*i*) ਪ੍ਰਕਾਰਵਾਚਕ, (*ii*) ਇਧਰ/ਇੱਥੇ/ਉਰੇ/ਸੱਜੇ/ਪਿੱਛੇ, (*iii*) ਪ੍ਰਕਾਰਵਾਚਕ ।

**6.** (*i*) **ਉੱਤਰ**—(ੳ) ਅਤਿਵਾਦੀ, ਅਤਿਕਥਨੀ ।
(ਅ) ਦੁਰਦਸ਼ਾ, ਦੁਰਾਚਾਰ ।

(*ii*) **ਉੱਤਰ**—(ੳ) ਝਗੜਾਲੂ, ਦਿਆਲੂ ।
(ਅ) ਠੇਕੇਦਾਰ, ਦੁਨੀਆਦਾਰ ।

**7. ਉੱਤਰ**—

**(*i*) ਕੜ੍ਹੀ ਘੋਲਣੀ** (ਕੰਮ ਵਿਗਾੜ ਦੇਣਾ)—ਭਾਨੀਮਾਰ ਨੇ ਆਪਣੀ ਆਦਤ ਅਨੁਸਾਰ ਦੋਹਾਂ ਧਿਰਾਂ ਦੇ ਰਿਸ਼ਤੇ ਵਿਚ ਅਜਿਹੀ **ਕੜ੍ਹੀ ਘੋਲ਼ੀ** ਕਿ ਉਨ੍ਹਾਂ ਦਾ ਆਪਸੀ ਰਿਸ਼ਤਾ ਸਿਰੇ ਨਾ ਚੜ੍ਹਿਆ ।

**(*ii*) ਕੱਖ ਨਾ ਰਹਿਣਾ** (ਬਿਲਕੁਲ ਤਬਾਹ ਹੋ ਜਾਣਾ)—ਇਸ ਮਦਾਨ ਨੂੰ ਲੱਗੀ ਅੱਗ ਨੇ **ਕੱਖ ਨਾ ਰਹਿਣ** ਦਿੱਤਾ ।

**(*iii*) ਖਿਚੜੀ ਪਕਾਉਣਾ**—(ਲੁਕ ਕੇ ਕਿਸੇ ਦੇ ਵਿਰੁੱਧ ਸਲਾਹ ਕਰਨੀ)—ਕਲ੍ਹ ਦੋਹਾਂ ਮਿੱਤਰਾਂ ਨੇ ਇਕੱਲਿਆਂ ਅੰਦਰ ਬਹਿ ਕੇ ਪਤਾ ਨਹੀਂ ਕੀ **ਖਿਚੜੀ ਪਕਾਈ** ਤੇ ਅੱਜ ਉਨ੍ਹਾਂ ਨੇ ਮਿਲ ਕੇ ਆਪਣੇ ਦੁਸ਼ਮਣ ਜੀਤੇ ਦਾ ਸਿਰ ਲਾਹ ਦਿੱਤਾ ।

**(*iv*) ਛਿੱਕੇ 'ਤੇ ਟੰਗਣਾ** (ਅਸਲੋਂ ਪਰਵਾਹ ਨਾ ਕਰਨੀ)—ਅੱਜ-ਕੱਲ੍ਹ ਮੁਨਾਫ਼ਾਖ਼ੋਰਾਂ ਨੇ ਧਰਮ-ਈਮਾਨ ਨੂੰ ਤਾਂ **ਛਿੱਕੇ ਤੇ ਟੰਗ ਦਿੱਤਾ ਹੈ ।**

**(*v*) ਘਰ ਪਾਉਣਾ** (ਹਿੱਲਣ ਦਾ ਨਾਂ ਨਾ ਲੈਣਾ)—ਉਹ ਸਵੇਰ ਦਾ ਇੱਥੇ **ਘਰ ਪਾ ਕੇ** (**ਸੱਥਰ ਵਿਛਾ** ਕੇ) **ਬੈਠਾ** ਹੈ, ਜਾਣ ਦਾ ਨਾਂ ਹੀ ਨਹੀਂ ਲੈਂਦਾ ।

**(*vi*) ਚਾਂਦੀ ਦੀ ਜੁੱਤੀ ਮਾਰਨੀ** (ਵੱਢੀ ਦੇਣੀ)—ਅੱਜ-ਕਲ੍ਹ ਸਰਕਾਰੀ ਦਫ਼ਤਰਾਂ ਵਿਚ ਜਿੰਨਾ ਚਿਰ ਅਫ਼ਸਰਾਂ ਦੇ **ਚਾਂਦੀ ਦੀ ਜੁੱਤੀ ਨਾ ਮਾਰੋ**, ਉਹ ਕੰਮ ਨਹੀਂ ਕਰਦੇ ।

**8. ਉੱਤਰ**—

### (*i*) ਭਾਰਤ ਵਿਚ ਵਧ ਰਹੀ ਅਬਾਦੀ

ਦਿਨੋ-ਦਿਨ ਵਧ ਰਹੀ ਅਬਾਦੀ ਨੇ ਸਾਰੇ ਸੰਸਾਰ ਦੇ ਦੇਸ਼ਾਂ ਵਿਚ ਇਕ ਬੜੀ ਗੰਭੀਰ ਸਮੱਸਿਆ ਪੈਦਾ ਕੀਤੀ ਹੋਈ ਹੈ । ਅੱਜ ਦੁਨੀਆਂ ਦੀ ਆਬਾਦੀ 8 ਅਰਬ ਹੋ ਚੁੱਕੀ ਹੈ ਅਤੇ ਇਕੱਲੇ ਭਾਰਤ ਵਿਚ ਅਪਰੈਲ 2023 ਵਿਚ ਇਹ ਚੀਨ ਨੂੰ ਪਛਾੜ ਕੇ ਲਗਪਗ 1 ਅਰਬ 43 ਕਰੋੜ ਹੋ ਚੁੱਕੀ ਹੈ ।

ਅੱਜ ਦਵਾਈਆਂ ਨੇ ਬਹੁਤ ਸਾਰੀਆਂ ਭਿਆਨਕ ਤੇ ਛੂਤ ਦੀਆਂ ਬਿਮਾਰੀਆਂ ਦਾ ਨਾਸ਼ ਕਰ ਦਿੱਤਾ ਹੈ, ਜਿਸ ਕਰਕੇ ਜਨਮ ਲੈਂਦੇ ਸਮੇਂ ਬੱਚਿਆਂ ਦੀ ਮੌਤ-ਦਰ ਬਹੁਤ ਘਟ ਗਈ ਹੈ ਤੇ ਨਾਲ ਹੀ ਖ਼ੁਰਾਕ ਦੀ ਕਿਸਮ ਵਿਚ ਵੀ ਸੁਧਾਰ ਹੋਇਆ ਹੈ । ਸਾਡੇ ਦੇਸ਼ ਵਿਚ ਹਰ ਸਾਲ ਇਕ ਹਜ਼ਾਰ ਦੀ ਆਬਾਦੀ ਪਿੱਛੇ 20.97 (ਲਗਪਗ 21 ਬੱਚੇ) ਜਨਮ ਲੈਂਦੇ ਹਨ, ਪਰੰਤੂ ਮਰਦੇ 7.48 (ਲਗਪਗ 8 ਵਿਅਕਤੀ) ਹਨ । ਇਸ ਪ੍ਰਕਾਰ ਜਨਮ-ਦਰ ਮਰਨ-ਦਰ ਨਾਲੋਂ ਲਗਪਗ ਤਿਗੁਣੀ ਹੈ । ਪਿਛਲੇ ਸਮੇਂ ਵਿਚ ਜਨਮ-ਦਰ ਤੇ ਮਰਨ-ਦਰ ਲਗਪਗ ਬਰਾਬਰ ਰਹਿੰਦੀ ਸੀ ਤੇ ਜਦ ਕਦੇ ਇਨ੍ਹਾਂ ਵਿਚ ਸੰਤੁਲਨ ਨਹੀਂ ਸੀ ਰਹਿੰਦਾ, ਤਾਂ ਕੋਈ ਨਾ ਕੋਈ ਛੂਤ ਦੀ ਮਹਾਂਮਾਰੀ ਆ ਕੇ ਪਿੰਡਾਂ ਦੇ ਪਿੰਡ ਤੇ ਮੁਹੱਲਿਆਂ ਦੇ ਮੁਹੱਲੇ ਸਾਫ਼ ਕਰ ਜਾਂਦੀ ਸੀ, ਪਰ ਵਰਤਮਾਨ ਸਮੇਂ ਵਿਚ ਜਨਮ ਲੈ ਚੁੱਕੇ ਬੱਚੇ, ਨੌਜਵਾਨ ਜਾਂ ਬੁੱਢੇ ਨੂੰ ਦਵਾਈਆਂ ਸਹਿਜੇ ਕੀਤੇ ਮਰਨ ਨਹੀਂ ਦਿੰਦੀਆਂ ।

ਭਾਰਤ ਵਿਚ ਅਬਾਦੀ ਵਿਚ ਤੇਜ਼ੀ ਨਾਲ ਹੋ ਰਿਹਾ ਵਾਧਾ ਦੇਸ਼ ਦੀ ਆਰਥਿਕਤਾ ਦੀਆਂ ਜੜ੍ਹਾਂ ਨੂੰ ਹਿਲਾ ਰਿਹਾ ਹੈ । ਸਾਡੇ ਦੇਸ਼ ਦੇ ਸਾਹਮਣੇ ਗ਼ਰੀਬੀ, ਬੇਰੁਜ਼ਗਾਰੀ, ਥੁੜ, ਮਹਿੰਗਾਈ, ਅੰਨ-ਸੰਕਟ, ਜੀਵਨ ਵਿਚ ਨਿੱਤ ਵਰਤੋਂ ਦੀਆਂ ਚੀਜ਼ਾਂ ਦਾ ਨਾ ਮਿਲਣਾ ਆਦਿ ਸਮੱਸਿਆਵਾਂ ਅਬਾਦੀ ਵਿਚ ਲਗਾਤਾਰ ਵਾਧੇ ਦੀਆਂ ਹੀ ਪੈਦਾ ਕੀਤੀਆਂ ਹੋਈਆਂ ਹਨ ।

ਸਾਡੇ ਦੇਸ਼ ਵਿਚ ਅਬਾਦੀ ਦੇ ਵਾਧੇ ਦਾ ਮੁੱਖ ਕਾਰਨ ਲੋਕਾਂ ਦੀ ਗ਼ਰੀਬੀ ਅਤੇ ਅਨਪੜ੍ਹਤਾ ਹੈ । ਗ਼ਰੀਬ ਮਾਪੇ ਬੱਚਿਆਂ ਨੂੰ ਆਪਣੀ ਆਮਦਨ ਵਿਚ ਵਾਧਾ ਕਰਨ ਦਾ ਇਕ ਸਾਧਨ ਸਮਝਦੇ ਹਨ ਤੇ ਨਾਲ ਹੀ ਬੁਢਾਪਾ ਪੈਨਸ਼ਨਾਂ ਤੇ ਸਿਹਤ ਸਹੂਲਤਾਂ ਦੀ ਅਣਹੋਂਦ ਵਿਚ ਉਨ੍ਹਾਂ ਨੂੰ ਆਪਣੇ ਬੁਢਾਪੇ ਦਾ ਸਹਾਰਾ ਖ਼ਿਆਲ ਕਰਦੇ ਹਨ । ਇਸ ਤੋਂ ਬਿਨਾਂ ਛੋਟੀ ਉਮਰ ਦੇ ਵਿਆਹ, ਧਾਰਮਿਕ ਵਿਸ਼ਵਾਸ, ਗਰਭ-ਰੋਕੂ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ, ਔਰਤਾਂ ਦਾ ਬੇਰੁਜ਼ਗਾਰ ਹੋਣਾ, ਸਰਕਾਰ ਦੀ ਭ੍ਰਿਸ਼ਟਾਚਾਰ ਦੇ ਘੁਣ ਦੀ ਖਾਧੀ ਨਾ-ਅਹਿਲ ਮਸ਼ੀਨਰੀ ਆਦਿ ਸਾਰੇ ਕਾਰਨ ਦੇਸ਼ ਦੀ ਅਬਾਦੀ ਦੇ ਵਾਧੇ ਵਿਚ ਹਿੱਸਾ ਪਾ ਰਹੇ ਹਨ ।

ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਪਰਿਵਾਰ ਨਿਯੋਜਨ ਨੂੰ ਪੂਰੇ ਜ਼ੋਰ ਨਾਲ ਅਮਲ ਵਿਚ ਲਿਆਵੇ ਤੇ ਲੋਕਾਂ ਵਿਚ ਹਰਮਨ-ਪਿਆਰਾ ਬਣਾਵੇ । ਲੋਕਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਬੱਚੇ ਦਾ ਜਨਮ ਕੁਦਰਤ ਦੇ ਹੱਥ ਵਿਚ ਨਹੀਂ, ਸਗੋਂ ਮਨੁੱਖ ਦੇ ਹੱਥ ਵਿਚ ਹੈ ਤੇ ਛੋਟੇ ਪਰਿਵਾਰ ਦੀ ਪਾਲਣਾ ਤੇ ਬੱਚਿਆਂ ਦੀ ਸਿੱਖਿਆ-ਸਿਖਲਾਈ ਦਾ ਕੰਮ ਵਧੇਰੇ ਸਫਲਤਾ ਨਾਲ ਕੀਤਾ ਜਾ ਸਕਦਾ ਹੈ, ਜਿਸ ਨਾਲ ਪਰਿਵਾਰਕ ਤੇ ਦੇਸ਼ ਦੀ ਖ਼ੁਸ਼ਹਾਲੀ ਵਿਚ ਵਾਧਾ ਹੋ ਸਕਦਾ ਹੈ ।

### (*ii*) ਵਾਤਾਵਰਨ ਪ੍ਰਦੂਸ਼ਣ

ਸੂਰਜ ਨਾਲੋਂ ਟੁੱਟਣ ਮਗਰੋਂ ਧਰਤੀ ਨੂੰ ਠੰਢਾ ਹੋਣ ਅਤੇ ਫਿਰ ਉਸ ਉੱਤੇ ਅਜਿਹਾ ਵਾਤਾਵਰਨ ਬਣਨ ਨੂੰ ਕਰੋੜਾਂ ਸਾਲ ਲੱਗ ਗਏ, ਜਿਸ ਵਿਚ ਮਨੁੱਖਾਂ, ਜੀਵਾਂ ਅਤੇ ਬਨਸਪਤੀ ਦੀ ਹੋਂਦ ਤੇ ਵਧਣਾ-ਫੁਲਣਾ

HOLY FAITH INTERNATIONAL (P) LTD.

ਸੰਭਵ ਹੋ ਸਕਿਆ । ਧਰਤੀ ਉਤਲੇ ਇਸ ਵਾਤਾਵਰਨ ਵਿਚ ਹਵਾ, ਪਾਣੀ, ਮਿੱਟੀ, ਸੂਰਜ ਦੀ ਗਰਮੀ ਅਤੇ ਹੋਰ ਅਨੇਕਾਂ ਊਰਜਾਵਾਂ ਦਾ ਮਿਸ਼ਰਨ ਹੈ । ਮਨੁੱਖ ਸਮੇਤ ਸਾਰੇ ਜੀਵਾਂ ਤੇ ਬਨਸਪਤੀ ਦੀ ਹੋਂਦ ਤਦ ਹੀ ਸੰਭਵ ਹੈ, ਜੇਕਰ ਧਰਤੀ ਉਤਲੇ ਵਾਤਾਵਰਨ ਵਿਚ ਇਨ੍ਹਾਂ ਸਾਰੇ ਤੱਤਾਂ ਦਾ ਆਪਣਾ ਰੂਪ, ਮਿਕਦਾਰ ਅਤੇ ਆਪਸੀ ਤਾਲ-ਮੇਲ ਉਸੇ ਸੰਤੁਲਿਤ ਮਾਤਰਾ ਵਿਚ ਕਾਇਮ ਰਹੇ, ਜਿਸ ਵਿਚ ਜੀਵ-ਸੰਸਾਰ ਅਤੇ ਬਨਸਪਤੀ ਦਾ ਪੁੰਗਰਨਾ ਹੋਣਾ ਤੇ ਵਧਣਾ-ਫੁਲਣਾ ਸੰਭਵ ਹੋਇਆ ਸੀ, ਪਰੰਤੂ ਮਨੁੱਖ ਨੇ ਕਰੋੜਾਂ ਸਾਲਾਂ ਵਿਚ ਉਪਜੇ ਇਸ ਸੰਤੁਲਿਤ ਵਾਤਾਵਰਨ ਨੂੰ ਪਿਛਲੇ 60-65 ਸਾਲਾਂ ਵਿਚ ਬੁਰੀ ਤਰ੍ਹਾਂ ਬਰਬਾਦ ਕਰ ਕੇ ਰੱਖ ਦਿੱਤਾ ਹੈ । ਇਸ ਬਰਬਾਦੀ ਪਿੱਛੇ ਜਿੱਥੇ ਧਰਤੀ ਉੱਤੇ ਮਨੁੱਖਾਂ ਦੀ ਵਧਦੀ ਅਬਾਦੀ ਜ਼ਿੰਮੇਵਾਰ ਹੈ, ਉੱਥੇ ਵਿਗਿਆਨਿਕ ਵਿਕਾਸ ਅਤੇ ਮਨੁੱਖ ਦੀ ਪੈਸਾ ਕਮਾਉਣ ਦੀ ਹਵਸ ਅਤੇ ਵਪਾਰਕ ਰੁਚੀਆਂ ਜ਼ਿੰਮੇਵਾਰ ਹਨ ।

ਵਿਗਿਆਨਿਕ ਵਿਕਾਸ ਨੇ ਕਾਰਖ਼ਾਨੇ ਲਾ ਕੇ, ਊਰਜਾ ਪ੍ਰਾਪਤ ਕਰਨ ਦੇ ਸੋਮੇ ਵਿਕਸਿਤ ਕਰ ਕੇ ਤੇ ਆਵਾਜਾਈ ਲਈ ਮੋਟਰਾਂ-ਗੱਡੀਆਂ ਤੇ ਹੋਰ ਵਹੀਕਲ ਚਲਾ ਕੇ ਹਵਾ ਨੂੰ ਗੰਦੀਆਂ ਜ਼ਹਿਰਾਂ ਤੇ ਧੂੰਏਂ ਨਾਲ ਪਲੀਤ ਕਰ ਦਿੱਤਾ ਹੈ । ਓਜ਼ੋਨ ਗੈਸ ਨੂੰ ਲੀਰੋ-ਲੀਰ ਕਰ ਦਿੱਤਾ ਹੈ । ਬੱਦਲਾਂ ਵਿਚ ਤੇਜ਼ਾਬ ਘੋਲ ਦਿੱਤਾ ਹੈ । ਦਰਿਆ, ਸਮੁੰਦਰ ਤੇ ਧਰਤੀ ਹੇਠਲੇ ਪਾਣੀ ਨੂੰ ਕਾਰਖ਼ਾਨਿਆਂ ਦੇ ਜ਼ਹਿਰੀਲੇ ਤਰਲ ਵਿਕਾਸ ਤੇ ਸੀਵਰੇਜ ਦੇ ਪਾਣੀ ਦੀ ਗੰਦਗੀ ਨਾਲ ਭਰ ਦਿੱਤਾ ਹੈ । ਵਿਕਾਸ ਦੇ ਨਾਂ ਉੱਤੇ ਹਵਾ ਨੂੰ ਸਾਫ਼ ਰੱਖਣ ਵਾਲੇ ਰੁੱਖ ਲਗਾਤਾਰ ਵੱਢੇ ਜਾ ਰਹੇ ਹਨ । ਕੀੜੇ-ਮਾਰ ਦਵਾਈਆਂ ਤੇ ਰਸਾਇਣਿਕ ਖ਼ਾਦਾਂ ਨਾਲ ਹਵਾ, ਪਾਣੀ ਤੇ ਧਰਤੀ ਦੀ ਮਿੱਟੀ ਅਤੇ ਸਾਡੀ ਖ਼ੁਰਾਕ ਸਭ ਭਿਆਨਕ ਜ਼ਹਿਰਾਂ ਨਾਲ ਭਰੇ ਜਾ ਰਹੇ ਹਨ । ਜੀਵਾਂ ਦੀ ਖ਼ੁਰਾਕ ਲੜੀ ਦਾ ਸਿਲਸਿਲਾ ਟੁੱਟਦਾ ਜਾ ਰਿਹਾ ਹੈ । ਕੈਂਸਰ, ਦਮਾ, ਭਿੰਨ-ਭਿੰਨ ਪ੍ਰਕਾਰ ਦੀਆਂ ਐਲਰਜੀਆਂ ਤੇ ਲਾਇਲਾਜ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ । ਘਰਾਂ ਵਿਚ ਵਰਤੇ ਜਾਂਦੇ ਸੁਖ ਦੇ ਸਮਾਨ, ਸੰਚਾਰ, ਆਵਾਜਾਈ ਤੇ ਉਰਜਾ ਲਈ ਵਰਤੇ ਜਾ ਰਹੇ ਸਾਰੇ ਸਾਧਨ ਮਨੁੱਖ ਲਈ ਕੋਈ ਨਾ ਕੋਈ ਭਿਆਨਕ ਬਿਮਾਰੀ ਜਾਂ ਮੁਸੀਬਤ ਦਾ ਸੁਨੇਹਾ ਲੈ ਕੇ ਆ ਰਹੇ ਹਨ ।

ਅਜਿਹੀ ਸਥਿਤੀ ਵਿਚ ਵਾਤਾਵਰਨ ਦੀ ਸੰਭਾਲ ਲਈ ਕਦਮ ਪੁੱਟਣੇ ਬਹੁਤ ਜ਼ਰੂਰੀ ਹਨ, ਨਹੀਂ ਤਾਂ ਧਰਤੀ ਉੱਤੋਂ ਮਨੁੱਖਾਂ ਸਮੇਤ ਜੀਵ-ਜਗਤ ਦਾ ਵਿਨਾਸ਼ ਹੋ ਜਾਵੇਗਾ । ਇਸ ਲਈ ਸਭ ਤੋਂ ਪਹਿਲਾਂ ਆਬਾਦੀ ਨੂੰ ਘਟਾਉਣ ਦੇ ਯਤਨ ਕਰਨੇ ਚਾਹੀਦੇ ਹਨ । ਰੁੱਖਾਂ ਦੀ ਕਟਾਈ ਬਿਲਕੁਲ ਬੰਦ ਕਰ ਦੇਣੀ ਚਾਹੀਦੀ ਹੈ । ਅਜਿਹੇ ਊਰਜਾ ਸਰੋਤਾਂ ਦੀ ਵਰਤੋਂ ਬਹੁਤ ਘੱਟ ਕਰ ਦੇਣੀ ਚਾਹੀਦੀ ਹੈ, ਜਿਹੜੇ ਹਵਾ ਜਾਂ ਪਾਣੀ ਨੂੰ ਗੰਧਲੇ ਕਰਦੇ ਹਨ । ਇਸ ਲਈ ਸੂਰਜੀ ਊਰਜਾ ਤੇ ਵਾਯੂ-ਊਰਜਾ ਸਭ ਤੋਂ ਸੁਰੱਖਿਅਤ ਸਾਧਨ ਹਨ । ਜਾਪਾਨ ਵਿਚ ਫੁਕੂਸ਼ੀਮਾ ਦੀ ਘਟਨਾ ਨੇ ਪ੍ਰਮਾਣੂ ਊਰਜਾ ਦੀ ਵਰਤੋਂ ਬਾਰੇ ਵੀ ਸੁਆਲ ਖੜ੍ਹੇ ਕਰ ਦਿੱਤੇ ਹਨ । ਰਸਾਇਣਿਕ ਖ਼ਾਦਾਂ ਤੇ ਕੀੜੇ ਮਾਰ ਦਵਾਈਆਂ ਦੀ ਥਾਂ ਆਰਗੈਨਿਕ ਖ਼ਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ । ਬਿਜਲ-ਚੁੰਬਕੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਸੰਚਾਰ ਸਾਧਨਾਂ ਤੇ ਧੂੰਏਂ ਵਿਚ ਜ਼ਹਿਰੀਲੀਆਂ ਗੈਸਾਂ ਛੱਡਣ ਨਾਲ ਵਾਹਨਾਂ ਦੀ ਵਰਤੋਂ ਵੀ ਸੀਮਿਤ ਕਰਨ ਦੀ ਲੋੜ ਹੈ । ਸਭ ਤੋਂ ਵੱਡੀ ਗੱਲ ਤਾਂ ਮਨੁੱਖ ਦੇ ਲਾਲਚ ਤੇ ਸ਼ੋਸ਼ਕ ਰੁਚੀ ਨੂੰ ਠੱਲ੍ਹ ਪਾਉਣ ਦੀ ਹੈ । ਅੱਜ ਮਨੁੱਖ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਉਸਨੇ ਆਪਣੇ ਲਾਲਚ ਉੱਤੇ ਕਾਬੂ ਪਾ ਕੇ ਵਾਤਾਵਰਨ ਪ੍ਰਦੂਸ਼ਣ ਨੂੰ ਠੱਲ੍ਹ ਨਾ ਪਈ, ਤਾਂ ਧਰਤੀ ਉੱਤੇ ਉਸ ਸਮੇਤ ਸਮੁੱਚੇ ਪ੍ਰਾਣੀ ਸੰਸਾਰ ਦਾ ਰੱਬ ਹੀ ਰਾਖਾ ਹੈ ।

## (*iii*) ਮੇਰੇ ਜੀਵਨ ਦਾ ਨਿਸ਼ਾਨਾ

ਕਿਸੇ ਨਿਸਚਿਤ ਨਿਸ਼ਾਨੇ ਤੋਂ ਬਿਨਾਂ ਮਨੁੱਖ ਦਾ ਜੀਵਨ ਬੇ-ਅਰਥ ਹੈ । ਕੁਦਰਤ ਨੇ ਜੀਵਾਂ ਵਿਚ ਮਨੁੱਖ ਨੂੰ ਸਭ ਤੋਂ ਵਧੇਰੇ ਉੱਤਮ ਬਣਾਇਆ ਹੈ ਤੇ ਉਸ ਨੂੰ ਆਪਣਾ ਵਿਕਾਸ ਕਰਨ ਲਈ ਬੁੱਧੀ ਦੀ ਸ਼ਕਤੀ ਦਿੱਤੀ ਹੈ । ਇਸ ਸ਼ਕਤੀ ਦੀ ਪੂਰੀ-ਪੂਰੀ ਵਰਤੋਂ ਕਰ ਕੇ ਜੀਵਨ ਦੀ ਬੇੜੀ ਨੂੰ ਕਿਸੇ ਉੱਚੇ ਨਿਸ਼ਾਨੇ ਵਲ ਸੇਧ ਕੇ ਰੱਖਣਾ ਮਨੁੱਖ ਦਾ ਫ਼ਰਜ਼ ਹੈ । ਮਨੁੱਖ ਦੇ ਜੀਵਨ ਦਾ ਨਿਸ਼ਾਨਾ ਸਵਾਰਥ ਭਰਪੂਰ ਨਹੀਂ ਹੋਣਾ ਚਾਹੀਦਾ, ਸਗੋਂ ਉਹ ਉਸਦੇ ਆਲ਼ੇ-ਦੁਆਲ਼ੇ ਵਸਦੇ ਲੋਕਾਂ ਲਈ ਕਲਿਆਣਕਾਰੀ ਤੇ ਲਾਭਦਾਇਕ ਹੋਣਾ ਚਾਹੀਦਾ ਹੈ । ਉਹ ਮਨੁੱਖ ਨਿਰੇ ਸੁਆਰਥੀ ਹੁੰਦੇ ਹਨ, ਜੋ ਆਪਣੀ ਬੁੱਧੀ ਦੀ ਠੀਕ ਵਰਤੋਂ ਨਹੀਂ ਕਰਨੀ ਜਾਣਦੇ । ਉਨ੍ਹਾਂ ਦੀ ਬੁੱਧੀ ਨੇ ਪਸ਼ੂਪੁਣੇ ਤੋਂ ਅੱਗੇ ਵਿਕਾਸ ਨਹੀਂ ਕੀਤਾ ਹੁੰਦਾ ।

ਭਾਵੇਂ ਮੈਂ ਅਜੇ ਦਸਵੀਂ ਜਮਾਤ ਦਾ ਵਿਦਿਆਰਥੀ ਹਾਂ, ਪਰ ਮੈਂ ਆਪਣੇ ਜੀਵਨ ਦਾ ਇਕ ਨਿਸ਼ਾਨਾ ਮਿੱਥ ਲਿਆ ਹੈ ਕਿ ਮੈਂ ਡਾਕਟਰ ਬਣਾਂਗਾ । ਜਦੋਂ ਮੈਂ ਵੇਖਦਾ ਹਾਂ ਕਿ ਮੇਰੇ ਆਲ਼ੇ-ਦੁਆਲ਼ੇ ਬਹੁਤ ਸਾਰੇ ਲੋਕ ਰੋਗਾਂ ਵਿਚ ਫਸੇ ਹੋਏ ਹਨ ਤੇ ਉਹ ਗ਼ਰੀਬ ਵੀ ਹਨ, ਉਹ ਦਵਾਈਆਂ ਲੈਣੀਆਂ ਤਾਂ ਕੀ, ਆਪਣਾ ਪੇਟ ਵੀ ਬੜੀ ਮੁਸ਼ਕਲ ਨਾਲ ਪਾਲਦੇ ਹਨ । ਉਨ੍ਹਾਂ ਨੂੰ ਦੇਖ ਕੇ ਮੇਰਾ ਮਨ ਦੁੱਖ ਨਾਲ ਭਰ ਜਾਂਦਾ ਹੈ ਤੇ ਇਨ੍ਹਾਂ ਲੋਕਾਂ ਦਾ ਭਲਾ ਕਰਨ ਲਈ ਤੀਬਰ ਹੋ ਉੱਠਦਾ ਹੈ । ਇਹ ਲੋਕ ਵਰਤਮਾਨ ਮਹਿੰਗਾਈ ਦੇ ਸਮੇਂ ਵਿਚ ਨਾ ਦਵਾਈਆਂ ਉੱਤੇ ਲੋੜੀਂਦਾ ਖ਼ਰਚ ਕਰ ਸਕਦੇ ਹਨ ਤੇ ਨਾ ਹੀ ਡਾਕਟਰਾਂ ਦੀਆਂ ਫ਼ੀਸਾਂ ਭਰ ਸਕਦੇ ਹਨ, ਇਸ ਕਰਕੇ ਮੈਂ ਇਸ ਗੱਲ ਨੂੰ ਆਪਣੇ ਜੀਵਨ ਦਾ ਨਿਸ਼ਾਨਾ ਹੀ ਬਣਾ ਲਿਆ ਹੈ ਕਿ ਮੈਂ ਡਾਕਟਰ ਬਣਾ ਤੇ ਇਨ੍ਹਾਂ ਦੁਖੀਆਂ ਤੇ ਰੋਗੀਆਂ ਦਾ ਮੁਫ਼ਤ ਇਲਾਜ ਕਰਾਂ ।

ਇਸ ਉਦੇਸ਼ ਦੀ ਪੂਰਤੀ ਲਈ ਮੇਰਾ ਖ਼ਿਆਲ ਘੱਟੋ-ਘੱਟ ਐੱਮ.ਬੀ.ਬੀ.ਐੱਸ. ਕਰਾਂਗਾ ਤੇ ਇਸ ਵਿਚ ਦਾਖ਼ਲਾ ਲੈਣ ਲਈ ਹੁਣ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਹੈ ।

ਡਾਕਟਰੀ ਪਾਸ ਕਰਕੇ ਮੈਂ ਇਕ ਕਲੀਨਿਕ ਖੋਲ੍ਹਾਂਗਾ ਤੇ ਸਵੇਰੇ ਅਤੇ ਸ਼ਾਮ ਕੁੱਝ ਸਮਾਂ ਰੋਗੀਆਂ ਦਾ ਮੁਫ਼ਤ ਇਲਾਜ ਕਰਾਂਗਾ । ਮੈਂ ਕਿਸੇ ਪਾਸੋਂ ਪੈਸੇ ਨਹੀਂ ਮੰਗਾਂਗਾ । ਉਹ ਮੇਰੇ ਮੇਜ਼ 'ਤੇ ਪਈ ਗੋਲਕ ਵਿਚ ਜੋ ਸਰਦਾ-ਬਣਦਾ ਪਾ ਜਾਇਆ ਕਰਨਗੇ, ਮੈਨੂੰ ਉਹੀ ਮਨਜ਼ੂਰ ਹੋਵੇਗਾ । ਮੈਂ ਫ਼ੈਕਟਰੀਆਂ ਦੇ ਮਜ਼ਦੂਰਾਂ ਦੇ ਬੀਮੇ ਦੇ ਕਾਰਡ ਜਮ੍ਹਾਂ ਕਰ ਕੇ ਵੀ ਉਨ੍ਹਾਂ ਦਾ ਇਲਾਜ ਕਰਾਂਗਾ । ਇਨ੍ਹਾਂ ਕਾਰਡਾਂ 'ਤੇ ਦਵਾਈ ਦੇਣ ਨਾਲ

HOLY FAITH INTERNATIONAL (P) LTD.

ਸਰਕਾਰ ਨਿਸਚਿਤ ਕੀਤੇ ਹੋਏ ਪੈਸੇ ਦਿੰਦੀ ਹੈ । ਇਨ੍ਹਾਂ ਨਾਲ ਮੇਰਾ ਗੁਜ਼ਾਰਾ ਠੀਕ ਤਰ੍ਹਾਂ ਚਲਦਾ ਰਹੇਗਾ । ਵਿਹਲੇ ਸਮੇਂ ਮੈਂ ਮਰੀਜ਼ ਦੇਖਣ ਲਈ ਉਨ੍ਹਾਂ ਦੇ ਘਰਾਂ ਵਿਚ ਜਾਇਆ ਕਰਾਂਗਾ ਤੇ ਵੱਧ ਤੋਂ ਵੱਧ ਕੋਸ਼ਿਸ਼ ਕਰ ਕੇ ਉਨ੍ਹਾਂ ਨੂੰ ਰਾਜ਼ੀ ਕਰਨ ਦਾ ਯਤਨ ਕਰਾਂਗਾ ।

ਬੱਸ ਡਾਕਟਰ ਬਣਨਾ ਹੀ ਮੇਰੇ ਜੀਵਨ ਦਾ ਨਿਸ਼ਾਨਾ ਹੈ । ਇਸ ਦੀ ਪ੍ਰਾਪਤੀ ਲਈ ਮਿਹਨਤ ਕਰਨਾ ਮੇਰਾ ਮੁੱਖ ਕਰਤੱਵ ਹੈ, ਜਿਸ ਨੂੰ ਸਮਝਦਾ ਹੋਇਆ, ਮੈਂ ਰਾਤ-ਦਿਨ ਇਕ ਕਰ ਕੇ ਪੜ੍ਹਾਈ ਕਰ ਰਿਹਾ ਹਾਂ ।

**9. ਉੱਤਰ–**

ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ,
ਅੰਮ੍ਰਿਤਸਰ ।
ਨਵੰਬਰ, 16, 20.....

ਸਤਿਕਾਰਯੋਗ ਪਿਤਾ ਜੀ,

ਸਤਿ ਸ੍ਰੀ ਅਕਾਲ ।

ਮੈਨੂੰ ਕਲ੍ਹ ਹੀ ਤੁਹਾਡੀ ਚਿੱਠੀ ਮਿਲੀ, ਜਿਸ ਵਿਚੋਂ ਇਹ ਪੜ੍ਹ ਕੇ ਬੜੀ ਖ਼ੁਸ਼ੀ ਹੋਈ ਕਿ ਤੁਸੀਂ 25 ਨਵੰਬਰ ਨੂੰ ਮੈਨੂੰ ਹੋਸਟਲ ਵਿਚ ਮਿਲਣ ਆ ਰਹੇ ਹੋ । ਅਸਲ ਵਿਚ ਮੈਂ ਤਿੰਨ-ਚਾਰ ਦਿਨਾਂ ਤੋਂ ਆਪ ਨੂੰ ਚਿੱਠੀ ਲਿਖਣ ਦੀ ਸੋਚ ਰਿਹਾ ਸੀ । ਇਸ ਦਾ ਮੁੱਖ ਕਾਰਨ ਇਹ ਹੈ ਕਿ ਸਾਡੇ ਸਕੂਲ ਵਲੋਂ ਵਿਦਿਆਰਥੀਆਂ ਦਾ ਇਕ ਗਰੁੱਪ 23 ਦਸੰਬਰ ਤੋਂ ਦਿੱਲੀ ਅਤੇ ਆਗਰੇ ਦੇ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਜਾ ਰਿਹਾ ਹੈ ਤੇ ਮੈਂ ਵੀ ਉਸ ਗਰੁੱਪ ਵਿਚ ਸ਼ਾਮਲ ਹੋਣ ਲਈ ਆਪਣਾ ਨਾਂ ਦਿੱਤਾ ਹੈ ।

ਮੈਂ ਸਮਝਦਾ ਹਾਂ ਕਿ ਇਨ੍ਹਾਂ ਇਤਿਹਾਸਕ ਸਥਾਨਾਂ ਦੀ ਯਾਤਰਾ ਦਾ ਪ੍ਰੋਗਰਾਮ ਮੇਰੇ ਲਈ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਇਨ੍ਹਾਂ ਸਥਾਨਾਂ ਨਾਲ ਸਾਡੇ ਦੇਸ਼ ਦਾ ਸਦੀਆਂ ਦਾ ਰਾਜਨੀਤਿਕ ਤੇ ਸਭਿਆਚਾਰਕ ਇਤਿਹਾਸ ਸੰਬੰਧਿਤ ਹੈ । ਆਗਰੇ ਜਾਂਦੇ ਹੋਏ ਅਸੀਂ ਸਭ ਤੋਂ ਪਹਿਲਾਂ ਦਿੱਲੀ ਪਹੁੰਚਾਂਗੇ, ਜਿੱਥੇ ਅਸੀਂ ਲਾਲ ਕਿਲ੍ਹਾ, ਜਾਮਾ ਮਸਜਿਦ, ਕੁਤਬ ਮੀਨਾਰ, ਗੁਰਦੁਆਰਾ ਸੀਸ ਗੰਜ ਸਾਹਿਬ ਤੇ ਹੋਰ ਸਥਾਨਾਂ ਦੀ ਸੈਰ ਕਰਾਂਗੇ । ਉੱਥੋਂ ਦਾ ਚਿੜੀਆ-ਘਰ ਤੇ ਅਜਾਇਬ-ਘਰ ਦੇਖਣਾ ਵੀ ਸਾਡੇ ਪ੍ਰੋਗਰਾਮ ਵਿਚ ਸ਼ਾਮਿਲ ਹੈ । ਇਸ ਤੋਂ ਬਿਨਾਂ ਅਸੀਂ ਆਗਰੇ ਵਿਚ ਮੁਗ਼ਲ ਸ਼ਹਿਨਸ਼ਾਹਾਂ ਨਾਲ ਸੰਬੰਧਿਤ ਸਥਾਨਾਂ ਨੂੰ ਦੇਖਣ ਪਿੱਛੋਂ ਜੇ ਸਮਾਂ ਮਿਲਿਆ, ਤਾਂ ਫ਼ਤਹਿਪੁਰ ਸੀਕਰੀ ਵੀ ਜਾਵਾਂਗੇ ਤੇ ਉੱਥੋਂ ਦੇ ਖੰਡਰ ਦੇਖਣ ਮਗਰੋਂ ਵਾਪਸ ਪਰਤਾਂਗੇ । ਇਸ ਗਰੁੱਪ ਦੇ ਇੰਚਾਰਜ ਸਾਡੇ ਇਤਿਹਾਸ ਦੇ ਅਧਿਆਪਕ ਹਨ, ਜੋ ਸਾਡੀ ਇਤਿਹਾਸਕ ਸਥਾਨਾਂ ਬਾਰੇ ਜਾਣਕਾਰੀ ਵਿਚ ਕਾਫ਼ੀ ਸਹਾਇਤਾ ਕਰਨਗੇ । ਸਾਡੀ ਇਹ ਸੈਰ 15 ਦਿਨਾਂ ਵਿਚ ਸਮਾਪਤ ਹੋਵੇਗੀ । ਰੇਲਵੇ ਵਾਲੇ ਸਾਨੂੰ ਅੱਧੇ ਕਿਰਾਏ ਉੱਤੇ ਸਫ਼ਰ ਕਰਨ ਲਈ ਟਿਕਟ ਜਾਰੀ ਕਰ ਦੇਣਗੇ । ਟਿਕਟ-ਖ਼ਰਚ ਦਾ ਚੌਥਾ ਹਿੱਸਾ ਸਕੂਲ ਦੇਵੇਗਾ ਤੇ ਬਾਕੀ ਚੌਥਾ ਹਿੱਸਾ ਵਿਦਿਆਰਥੀ ਨੂੰ ਆਪਣੇ ਕੋਲੋਂ ਖ਼ਰਚ ਕਰਨਾ ਪਵੇਗਾ । ਇੰਚਾਰਜ ਸਾਹਿਬ ਨੇ ਸਾਨੂੰ ਪੰਦਰਾਂ-ਪੰਦਰਾਂ ਸੌ ਰੁਪਇਆ ਜਮ੍ਹਾਂ ਕਰਾਉਣ ਲਈ ਕਿਹਾ ਹੈ, ਜੋ ਕਿ ਸਾਡੇ ਖ਼ਰਚ ਵਿਚ ਸ਼ਾਮਲ ਹੋਵੇਗਾ । ਇਸ ਤੋਂ ਬਿਨਾਂ ਨਿੱਜੀ ਖ਼ਰਚ ਲਈ ਵੀ ਕੁੱਝ ਪੈਸਿਆਂ ਦਾ ਜੇਬ ਵਿਚ ਹੋਣਾ ਬਹੁਤ ਜ਼ਰੂਰੀ ਹੈ। ਸੋ ਆਪ 3500 ਰੁਪਏ ਨਾਲ ਲਈ ਆਉਣਾ । ਜੇਕਰ ਆਪ ਨੇ ਨਾ ਆਉਣਾ ਹੋਵੇ, ਤਾਂ ਅੱਜ-ਕਲ੍ਹ ਵਿਚ ਮਨੀਆਰਡਰ ਕਰ ਦੇਣਾ ।

ਮਾਤਾ ਜੀ, ਸੰਦੀਪ ਅਤੇ ਨਵਨੀਤ ਨੂੰ ਸਤਿ ਸ੍ਰੀ ਅਕਾਲ ।

ਆਪ ਦਾ ਪਿਆਰਾ ਸਪੁੱਤਰ,
ਸੁਖਵਿੰਦਰ ਸਿੰਘ,
ਦਸਵੀਂ ਏ ।

ਟਿਕਟ

ਸ: ਦਰਬਾਰਾ ਸਿੰਘ,
856, ਹਰਨਾਮ ਦਾਸ ਪੁਰਾ,
ਜਲੰਧਰ ।

***ਜਾਂ***

ਪਿੰਡ ਨੰਦਾ ਚੌਰ,
ਜ਼ਿਲ੍ਹਾ ਹੁਸ਼ਿਆਰਪੁਰ ।
ਟੈਲੀਫੋਨ ........
17 ਫ਼ਰਵਰੀ, 20.......

ਸਿਹਤ ਮੰਤਰੀ ਜੀ,
ਸਿਹਤ ਵਿਭਾਗ ਪੰਜਾਬ,
ਚੰਡੀਗੜ੍ਹ ।

**ਵਿਸ਼ਾ**–ਨੰਦਾ ਚੌਰ ਵਿਚ ਹਸਪਤਾਲ ਜਾਂ ਡਿਸਪੈਂਸਰੀ ਦੀ ਲੋੜ ।

ਸ੍ਰੀ ਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਮੈਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨੰਦਾ ਚੌਰ ਦਾ ਰਹਿਣ ਵਾਲਾ ਹਾਂ । ਇਸ ਇਲਾਕੇ ਵਿਚ 4-5 ਮੀਲ ਦੇ ਘੇਰੇ ਵਿਚ ਕੋਈ ਹਸਪਤਾਲ ਜਾਂ ਡਿਸਪੈਂਸਰੀ ਨਹੀਂ, ਜਿਸ ਕਰਕੇ ਬਿਮਾਰਾਂ ਨੂੰ ਬਹੁਤ ਮੁਸ਼ਕਿਲ ਬਣਦੀ ਹੈ ਤੇ ਬਿਮਾਰੀਆਂ ਵੀ ਝਟਪਟ ਫੈਲਦੀਆਂ ਹਨ । ਜੇਕਰ ਸਾਡੇ ਪਿੰਡ ਵਿਚ ਇਕ ਹਸਪਤਾਲ ਖੋਲ੍ਹ ਦਿੱਤਾ ਜਾਵੇ, ਤਾਂ ਇਲਾਕੇ ਦੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦੂਰ ਹੋ ਸਕਦੀਆਂ ਹਨ ।

ਹਸਪਤਾਲ ਜਾਂ ਡਿਸਪੈਂਸਰੀ ਦੀ ਅਣਹੋਂਦ ਕਾਰਨ ਹੀ ਇੱਥੇ ਕਈ ਅਣਆਈਆਂ ਮੌਤਾਂ ਹੋ ਜਾਂਦੀਆਂ ਹਨ, ਇਸ ਕਰਕੇ ਇਸ ਇਲਾਕੇ ਨੂੰ ਸਰਕਾਰੀ ਹਸਪਤਾਲ ਦੀ ਬਹੁਤ ਜ਼ਰੂਰਤ ਹੈ । ਆਪ ਨੂੰ ਕਦੇ ਸਮਾਂ ਮਿਲੇ, ਤਾਂ ਇਸ ਇਲਾਕੇ ਦਾ ਦੌਰਾ ਕਰੋ, ਫਿਰ ਆਪ ਸਾਰੀ ਹਕੀਕਤ ਤੋਂ ਜਾਣੂ ਹੋ ਜਾਵੋਗੇ । ਹਸਪਤਾਲ ਦੀ ਅਣਹੋਂਦ ਕਾਰਨ ਹੀ ਪਿਛਲੀ ਬਰਸਾਤ ਵਿਚ ਇੱਥੇ ਡੈਂਗੂ ਫੈਲਿਆ ਤੇ ਹੈਜ਼ੇ ਨਾਲ ਮੌਤਾਂ ਹੋਈਆਂ । ਇਸ ਕਰਕੇ ਬੇਨਤੀ ਹੈ ਕਿ ਆਪ ਇਸ ਪ੍ਰਾਰਥਨਾ-ਪੱਤਰ ਨੂੰ ਧਿਆਨ ਵਿਚ ਰੱਖਦੇ ਹੋਏ ਸਾਡੇ ਪਿੰਡ ਵਿਚ ਹਸਪਤਾਲ ਖੋਲ੍ਹਣ ਦਾ ਹੁਕਮ ਜਾਰੀ ਕਰ ਦਿਓ । ਇਸ ਲਈ ਨੰਦਾ ਚੌਰ ਹੀ ਠੀਕ ਸਥਾਨ ਰਹੇਗਾ ਕਿਉਂਕਿ ਨੇੜੇ-ਤੇੜੇ ਦੇ ਪਿੰਡਾਂ ਦਾ ਕੇਂਦਰ ਇਹੋ ਹੀ ਹੈ ।

ਮੈਂ ਆਸ ਕਰਦਾ ਹਾਂ ਕਿ ਆਪ ਇਸ ਬਿਨੈ-ਪੱਤਰ ਨੂੰ ਪ੍ਰਵਾਨ ਕਰ ਕੇ ਸਾਰੇ ਇਲਾਕੇ ਦੀਆਂ ਅਸੀਸਾਂ ਪ੍ਰਾਪਤ ਕਰੋਗੇ ।

ਧੰਨਵਾਦ ਸਹਿਤ ।

ਆਪ ਦਾ ਸ਼ੁਭਚਿੰਤਕ,
ਗੁਰਨਾਮ ਸਿੰਘ,
ਸਰਪੰਚ ।

**10. ਉੱਤਰ**–ਇਸ ਤਸਵੀਰ ਵਿਚ ਕਿਸੇ ਕਾਰੋਬਾਰੀ ਅਦਾਰੇ ਦੀ ਇਮਾਰਤ ਦੇ ਅੱਗ ਦੀ ਲਪੇਟ ਵਿਚ ਆਉਣ ਦਾ ਦ੍ਰਿਸ਼ ਹੈ । ਇਮਾਰਤ ਵਿਚੋਂ ਥਾਂ-ਥਾਂ ਤੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਹਨ ਤੇ ਚਾਰੇ ਪਾਸੇ ਧੂੰਆਂ ਫੈਲਿਆ ਹੋਇਆ ਹੈ । ਫਾਇਰ ਬ੍ਰਿਗੇਡ ਦੇ ਕਰਮਚਾਰੀ ਅੱਗ ਬੁਝਾਉਣ ਵਿਚ ਜੁਟੇ ਹੋਏ ਹਨ । ਉਹ ਇਮਾਰਤ ਉੱਤੇ ਪਾਣੀ ਦੀ ਬੁਛਾੜ ਸੁੱਟ ਰਹੇ ਹਨ । ਉਨ੍ਹਾਂ ਮਾਸਕ ਪਾਏ ਹੋਏ ਹਨ । ਕੁੱਝ ਕਰਮਚਾਰੀ ਪਾਣੀ ਦੀਆਂ ਪਾਈਪਾਂ ਨੂੰ ਲੋੜ ਅਨੁਸਾਰ ਇਧਰ-ਉਧਰ ਕਰ ਰਹੇ ਹਨ । ਇਕ ਸੀਨੀਅਰ ਕਰਮਚਾਰੀ ਨਿਰਦੇਸ਼ ਦੇ ਰਿਹਾ ਹੈ । ਅੱਗ ਉੱਤੇ ਕਾਬੂ ਵੀ ਪੈ ਰਿਹਾ ਜਾਪਦਾ ਹੈ ।

**11. ਉੱਤਰ**–(*i*) ਡਾ: ਬਲਵੀਰ ਸਿੰਘ, (*ii*) ਅੰਨ੍ਹੇ, (*iii*) ਸਿੱਖਾਂ ਦੀ, (*iv*) ਸੁਜਾਨ ਸਿੰਘ, (*v*) ਅਮਰੀਕ ਸਿੰਘ, (*vi*) ਮਾਨ ਸਿੰਘ ।

**12. ਉੱਤਰ**–(*i*) ਸੋ ਕਿਉਂ ਮੰਦਾ ਆਖੀਐ, (*ii*) ਭੁੱਲਣਹਾਰ, (*iii*) ਗੁਰੂ ਦੀ, (*iv*) ਡਾ: ਹਰਚਰਨ ਸਿੰਘ, (*v*) ਗੁਰੂ ਨਾਨਕ ਦੇਵ ਜੀ ਅੱਗੇ, (*vi*) ਸੱਸ ।

**13. ਉੱਤਰ**–(*i*) ਘਰ ਦਾ ਪਿਆਰ, (*ii*) ਨਜ਼ਰਾਨਾ, (*iii*) ਗੁਰੂ ਨਾਨਕ ਦੇਵ ਜੀ, (*iv*) ਸੁਜਾਨ ਸਿੰਘ, (*v*) ਅੰਗ-ਸੰਗ ।

**14. ਉੱਤਰ**–

(*i*) ਲੇਖਕ ਦੇ ਮਨ ਵਿਚ ਆਉਂਦਾ ਸੀ ਕਿ ਉਹ ਆਪਣੇ ਕਾਰੋਬਾਰ ਦੇ ਮਾਲਕ ਨੂੰ ਕਹੇ ਕਿ ਇੰਨੀ ਤਨਖ਼ਾਹ ਨਾਲ ਉਸ ਦਾ ਗੁਜ਼ਾਰਾ ਨਹੀਂ ਹੁੰਦਾ । ਪਰ ਉਸ ਨੂੰ ਇਹ ਵੀ ਪਤਾ ਸੀ ਕਿ ਮੁਨਾਫ਼ੇਖੋਰ ਮਾਲਕ ਨੇ ਉਸ ਦੀ ਨਹੀਂ ਸੁਣਨੀ । ਨਾਲ ਹੀ ਉਸ ਦੇ ਕਿਸੇ ਸਾਥੀ ਨੇ ਇਸ ਮੰਗ ਲਈ ਉਸ ਦਾ ਸਾਥ ਨਹੀਂ ਦੇਣਾ । ਮੰਗ ਕੀਤਿਆਂ ਕਈ ਵਾਰੀ ਮਾਲਕ ਵਲੋਂ ਨੌਕਰੀ ਤੋਂ ਜਵਾਬ ਵੀ ਹੋ ਜਾਂਦਾ ਸੀ । ਇਸ ਕਰਕੇ ਬੇਰੁਜ਼ਗਾਰੀ ਦੇ ਭਿਆਨਕ ਭਵਿੱਖ ਤੋਂ ਡਰਦਾ ਉਹ ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਕਰਨ ਤੋਂ ਸੰਕੋਚ ਕਰ ਰਿਹਾ ਸੀ ।

(*ii*) ਬਚਪਨ ਵਿਚ ਜਦੋਂ ਕਰਤਾਰ ਸਿੰਘ ਨੂੰ ਓਪਰੇ ਲੋਕ ਅਮਰੀਕ ਦਾ ਵੱਡਾ ਭਰਾ ਸਮਝ ਲੈਂਦੇ, ਤਾਂ ਅਮਰੀਕ ਨੂੰ ਇਹ ਗੱਲ ਚੰਗੀ ਨਾ ਲਗਦੀ । ਉਹ ਸੋਚਦਾ ਕਿ ਉਸ ਦਾ ਪਿਓ, ਪਿਓ ਕਿਉਂ ਨਹੀਂ ਲਗਦਾ, ਭਰਾ ਕਿਉਂ ਲਗਦਾ ਹੈ ? ਉਹ ਸੋਚਦਾ ਕਿ ਸਾਰੇ ਪਿਓਆਂ ਨੂੰ ਸਿਆਣੇ-ਸਿਆਣੇ ਧੌਲੀ ਦਾੜ੍ਹੀ ਵਾਲੇ ਹੋਣਾ ਚਾਹੀਦਾ ਹੈ । ਉਹ ਕਈ ਸਾਲ ਉਡੀਕਦਾ ਰਿਹਾ ਸੀ ਕਿ ਉਸ ਦਾ ਪਿਓ ਬੁੱਢਾ ਹੋਵੇ ਤੇ ਉਸ ਦੀ ਦਾੜ੍ਹੀ ਵਿਚ ਧੌਲੇ ਆਉਣ ।

(*iii*) ਮਾਨ ਸਿੰਘ ਆਪਣੇ ਮਿੱਤਰ ਕਰਮ ਸਿੰਘ ਦੀਆਂ ਰੱਜ ਕੇ ਗੱਲਾਂ ਇਸ ਕਰਕੇ ਕਰਨੀਆਂ ਚਾਹੁੰਦਾ ਸੀ, ਕਿਉਂਕਿ ਉਹ ਉਸ ਦਾ ਗੂੜ੍ਹਾ ਦੋਸਤ ਸੀ ਤੇ ਉਸ ਨੂੰ ਉਸ ਦੇ ਜੀਭ ਦੇ ਰਸ, ਹਰਮਨ-ਪਿਆਰੇ ਹੋਣ, ਅਚੂਕ ਨਿਸ਼ਾਨੇ ਅਤੇ ਲੜਾਈ ਵਿੱਚ ਪ੍ਰਾਪਤੀਆਂ ਕਰਕੇ ਬਹੁਤ ਮਾਣ ਸੀ, ਪਰ ਘਰ ਵਿਚ ਜਦੋਂ ਉਸ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਲੈ ਰਿਹਾ, ਤਾਂ ਉਸ ਦਾ ਮਨ ਬਹੁਤ ਉਦਾਸ ਹੋ ਗਿਆ ।

(*iv*) ਇਕ ਦਿਨ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਭੇਜੇ ਜ਼ਫ਼ਰਨਾਮੇ ਵਿਚ ਗੁਰੂ ਜੀ ਵਲੋਂ ਬੇਬਾਕੀ ਨਾਲ ਪਾਈਆਂ ਲਾਹਨਤਾਂ ਨੂੰ ਪੜ੍ਹ ਕੇ ਔਰੰਗਜ਼ੇਬ ਦੀ ਜ਼ਮੀਰ ਕੰਬ ਉੱਠੀ ਸੀ, ਜਿਸ ਕਾਰਨ ਰਾਤ ਨੂੰ ਉਸਨੂੰ ਭਿਆਨਕ ਖ਼ਾਬ ਆਇਆ, ਜਿਸ ਨੇ ਉਸਦੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ ।

(*v*) ਨਿਹਾਲ ਕੌਰ ਮਨਜੀਤ ਦੇ ਰੋਟੀ ਨੂੰ ਦੇਰ ਕਰਨ, ਘੜੀ ਦੇਖ ਕੇ ਕੰਮ ਕਰਨ, ਗੋਭੀ ਮੋਟੀ ਕੱਟਣ, ਪਤੀ ਨੂੰ ਸਿਖਾਉਣ, ਗੁਆਂਢਣ ਨਾਲ ਮਿਲ ਕੇ ਸਭਾ ਬਣਾਉਣ, ਹਰ ਗੱਲ ਦਾ ਜੁਆਬ ਦੇਣ ਤੋਂ ਇਲਾਵਾ ਐਵੇਂ ਗੱਲ 'ਚੋਂ ਗੱਲ ਕੱਢ ਕੇ ਕੋਈ ਨਾ ਕੋਈ ਨੁਕਸ ਫੜ ਕੇ ਟੀਕਾ-ਟਿੱਪਣੀ ਕਰਦੀ ਹੈ ।

(*vi*) ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਮਾਂ, ਭੈਣ ਅਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ; ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਖੱਟੀ-ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ; ਜਿੱਥੇ ਬੁਢਾਪੇ ਵਿਚ ਬਹਿ ਕੇ ਸਾਰੇ ਜੀਵਨ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਮਾਂ ਦੀ ਗੋਦੀ ਵਰਗਾ ਸੁਆਦ ਆਉਂਦਾ ਹੈ ।

(*vii*) ਬੰਦੇ ਲਈ ਅਰਦਾਸ ਇਕ ਜ਼ਰੂਰੀ ਵਸਤੂ ਹੈ । ਜ਼ਿੰਦਗੀ ਵਿਚ ਕਈ ਮੌਕੇ ਅਜਿਹੇ ਆਉਂਦੇ ਹਨ, ਜਦੋਂ ਵੱਡੇ ਤੋਂ ਵੱਡੇ ਰਾਠ ਆਦਮੀ ਲਈ ਵੀ ਅਰਦਾਸ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ । ਅਰਦਾਸ ਜ਼ਿੰਦਗੀ ਵਿਚ ਹਰ ਸੰਸਾਰਿਕ ਮੌਕੇ ਉੱਪਰ ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਰੋਗ ਵੇਲੇ, ਜੰਗ ਵੇਲੇ, ਮੁਸ਼ਕਿਲ ਸਮੇਂ ਕਾਰਜ ਦੀ ਸਿੱਧੀ ਲਈ ਕੀਤੀ ਜਾਂਦੀ ਹੈ, ਇਸ ਨਾਲ ਮਨੁੱਖ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ ।

(*viii*) ਤੁਰਨ ਨਾਲ ਮਨੁੱਖੀ ਸਰੀਰ ਅਰੋਗ ਰਹਿੰਦਾ ਹੈ । ਭੁੱਖ ਤੇਜ਼ ਹੁੰਦੀ ਹੈ । ਉਦਾਸੀ ਖ਼ਤਮ ਹੁੰਦੀ ਹੈ ਤੇ ਸ੍ਵੈ-ਵਿਸ਼ਵਾਸ ਉਪਜਦਾ ਹੈ । ਜਿਨ੍ਹਾਂ ਨੂੰ ਤੁਰਨ ਦੀ ਆਦਤ ਹੁੰਦੀ ਹੈ, ਉਨ੍ਹਾਂ ਨੂੰ ਕੋਈ ਬਿਮਾਰੀ ਨਹੀਂ ਲਗਦੀ ।

**15. ਉੱਤਰ**–

(*i*) 'ਸੋ ਕਿਉ ਮੰਦਾ ਆਖੀਐ' ਸ਼ਬਦ/ਬਾਣੀ ਵਿਚ ਗੁਰੂ ਜੀ ਨੇ ਮਨੁੱਖੀ ਜੀਵਨ ਵਿਚ ਇਸਤਰੀ ਦੀ ਮਹਾਨਤਾ ਨੂੰ ਦਰਸਾਉਂਦਿਆਂ ਕਿਹਾ ਹੈ ਕਿ ਇਸਤਰੀ ਤੋਂ ਬਿਨਾਂ ਮਨੁੱਖ ਦੀ ਹੋਂਦ ਹੀ ਸੰਭਵ ਨਹੀਂ । ਉਸਦਾ ਸਰੀਰ ਇਸਤਰੀ ਦੇ ਪੇਟ ਵਿਚ ਹੀ ਬਣਦਾ ਹੈ ਤੇ ਉਸ ਤੋਂ ਹੀ ਜਨਮ ਲੈਂਦਾ ਹੈ । ਇਸਤਰੀ ਨਾਲ ਹੀ ਮਨੁੱਖ ਦੀ ਕੁੜਮਾਈ-ਵਿਆਹ ਹੁੰਦਾ ਤੇ ਉਸਦੇ ਹੋਰਨਾਂ ਲੋਕਾਂ ਨਾਲ ਸੰਬੰਧ/ਰਿਸ਼ਤੇ ਬਣਦੇ ਹਨ । ਉਸ ਇਸਤਰੀ ਜਾਤੀ ਨੂੰ ਬੁਰਾ ਕਹਿਣਾ ਠੀਕ ਨਹੀਂ, ਜਿਸ ਤੋਂ ਬਿਨਾਂ ਰਾਜਾ ਵੀ ਜਨਮ ਨਹੀਂ ਲੈ ਸਕਦਾ । ਇਸ ਪ੍ਰਕਾਰ ਗੁਰੂ ਜੀ ਨੇ ਇਸ ਸ਼ਬਦ/ਬਾਣੀ ਵਿਚ ਮਨੁੱਖੀ ਜੀਵਨ ਵਿਚ ਇਸਤਰੀ ਦੀ ਮਹਾਨਤਾ ਦਰਸਾਉਂਦਿਆਂ ਉਸ ਨੂੰ ਬੁਰਾ ਕਹਿਣ ਤੋਂ ਵਰਜਿਆ ਹੈ ।

***ਜਾਂ***

ਸਿੱਖ ਫ਼ੌਜਾਂ ਅੰਗਰੇਜ਼ਾਂ ਵਿਰੁੱਧ ਇੰਨੀ ਬਹਾਦਰੀ ਨਾਲ ਲੜੀਆਂ ਕਿ ਉਨ੍ਹਾਂ ਦੇ ਪੈਰ ਉਖਾੜ ਦਿੱਤੇ, ਪਰ ਸਿੱਖ ਸਰਦਾਰਾਂ ਦੀ ਗ਼ਦਾਰੀ ਕਾਰਨ ਉਹ ਹਾਰ ਗਈਆਂ । ਜੇਕਰ ਮਹਾਰਾਜਾ ਰਣਜੀਤ ਸਿੰਘ ਆਪ ਉਨ੍ਹਾਂ ਦੀ ਅਗਵਾਈ ਕਰ ਰਿਹਾ ਹੁੰਦਾ, ਤਾਂ ਸਿੱਖ ਫ਼ੌਜਾਂ ਕਦੇ

HOLY FAITH INTERNATIONAL (P) LTD.

ਨਾ ਹਾਰਦੀਆਂ । ਉਹ ਉਸਦੀ ਅਣਹੋਂਦ ਕਾਰਨ ਜਿੱਤ ਕੇ ਵੀ ਹਾਰ ਗਈਆਂ । ਇਸ ਤਰ੍ਹਾਂ ਇਹ ਬੜੀ ਨਮੋਸ਼ੀ ਭਰੀ ਹਾਰ ਸੀ ।

(*ii*) ਇਸ ਕਥਨ ਵਿਚ ਲੇਖਕ ਇਹ ਕਹਿਣਾ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਚਿਹਰੇ ਤੋਂ ਮਨੁੱਖ ਦੇ ਸਰੀਰਕ ਸੋਹਜ ਜਾਂ ਕੋਝ ਦੀ ਪਛਾਣ ਹੁੰਦੀ ਹੈ, ਇਸੇ ਤਰ੍ਹਾਂ ਬੋਲੀ ਤੋਂ ਮਨੁੱਖ ਦੀ ਆਤਮਾ ਦੀ ਅਮੀਰੀ ਜਾਂ ਕੰਗਾਲੀ ਦਾ ਪਤਾ ਲਗਦਾ ਹੈ । ਇਸੇ ਕਰਕੇ ਹੀ ਬੋਲ ਸਕਣ ਵਾਲੇ ਅੰਨ੍ਹੇ ਸਿਆਣੇ ਤੇ ਦਿਲਚਸਪ ਜਾਪਦੇ ਹਨ, ਪਰ ਗੂੰਗਾ ਕੋਈ ਵਿਰਲਾ ਹੀ ਦਿਲਚਸਪੀ ਜਗਾਉਂਦਾ ਹੈ, ਕਿਉਂਕਿ ਮਨੁੱਖ ਦੇ ਬੋਲਣ ਤੋਂ ਹੀ ਪਤਾ ਲਗਦਾ ਹੈ ਕਿ ਉਸ ਨੇ ਕੀ ਕੁੱਝ ਆਪਣਾ ਬਣਾਇਆ ਹੈ । ਬੋਲਣ ਵਾਲੇ ਦੇ ਲਫ਼ਜ਼ ਉਸ ਦੀ ਅੰਦਰਲੀ ਅਮੀਰੀ, ਤਜਰਬੇ ਤੇ ਅਕਲ ਦੇ ਸੂਚਕ ਹੁੰਦੇ ਹਨ । ਇਸੇ ਕਰਕੇ ਲੇਖਕ ਬੋਲੀ ਨੂੰ ਮਨੁੱਖ ਦੀ ਆਤਮਾ ਦਾ ਚਿਤਰ ਕਹਿੰਦਾ ਹੈ ।

***ਜਾਂ***

ਅੱਜ ਦਾ ਮਨੁੱਖ ਕਾਰਾਂ, ਗੱਡੀਆਂ ਅਤੇ ਬੱਸਾਂ ਉੱਤੇ ਸਵਾਰ ਹੋ ਗਿਆ ਹੈ ਅਤੇ ਤੁਰਨ ਦੇ ਜਿਹੜੇ ਕੁੱਝ ਮੌਕੇ ਮਿਲਦੇ ਹਨ, ਉਹ ਉਨ੍ਹਾਂ ਦਾ ਵੀ ਲਾਭ ਨਹੀਂ ਉਠਾਉਂਦਾ । ਇਸ ਕਰਕੇ ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਵਧ ਗਈਆਂ ਹਨ । ਇਨ੍ਹਾਂ ਦਾ ਹੱਲ ਕੇਵਲ ਤੁਰਨਾ ਹੈ । ਜੇਕਰ ਉਸ ਨੂੰ ਭੁੱਖ ਨਹੀਂ ਲਗਦੀ ਜਾਂ ਦਿਲ ਉਦਾਸ ਹੈ, ਤਾਂ ਉਸ ਨੂੰ ਤੁਰਨਾ ਚਾਹੀਦਾ ਹੈ । ਤੁਰਨ ਨਾਲ ਪੰਜਾਂ ਮਿੰਟਾਂ ਵਿਚ ਸਰੀਰ ਵਿਚ ਤਬਦੀਲੀ ਮਹਿਸੂਸ ਹੋਣ ਲਗਦੀ ਹੈ ।

**16. ਉੱਤਰ**—

(*i*) ਅਸਦ ਖ਼ਾਨ 'ਜ਼ਫ਼ਰਨਾਮਾ' ਇਕਾਂਗੀ ਦਾ ਇਕ ਨਿਮਨ ਪਾਤਰ ਹੈ । ਉਹ ਔਰੰਗਜ਼ੇਬ ਦਾ ਆਹਲਾ ਅਹਿਲਕਾਰ ਹੈ । ਔਰੰਗਜ਼ੇਬ ਉਸ ਨੂੰ ਆਪਣਾ ਦਿਲੀ ਤੇ ਵਿਸ਼ਵਾਸਯੋਗ ਦੋਸਤ ਸਮਝਦਾ ਹੈ । ਉਹ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਹਿੰਦਾ ਹੈ ਕਿ ਇਹ ਸਾਰੇ ਮੰਨਦੇ ਹਨ ਕਿ ਉਹ ਅਜ਼ਮਤ ਵਾਲਾ ਪੀਰ ਹੈ । ਇਸ ਦੇ ਨਾਲ ਹੀ ਉਹ ਔਰੰਗਜ਼ੇਬ ਨੂੰ ਕਹਿੰਦਾ ਹੈ, ''ਫ਼ਕੀਰਾਂ ਦੀ ਬਦ-ਦੁਆ ਤੋਂ ਖ਼ੁਦਾ ਬਚਾਏ ।'' ਉਂਞ ਅਸਦ ਖ਼ਾਨ ਔਰੰਗਜ਼ੇਬ ਨੂੰ ਰਾਜਨੀਤੀ ਅਨੁਸਾਰ ਸਹੀ ਸਲਾਹ ਦਿੰਦਾ ਹੈ ਤੇ ਕਹਿੰਦਾ ਹੈ ਕਿ ਉਹ ਗੁਰੂ ਜੀ ਨੂੰ ਬਾਇੱਜ਼ਤ ਬੁਲਾ ਕੇ ਸੁਲਾਹ ਕਰ ਲਵੇ ।

(*ii*) ਇਕਾਂਗੀਕਾਰ ਨੇ ਨਵੀਂ ਤੇ ਪੁਰਾਣੀ ਪੀੜ੍ਹੀ ਦੀ ਟੱਕਰ ਨੂੰ ਨੂੰਹ ਬਣਾਈ ਪਰਾਈ ਧੀ ਤੇ ਸੱਸ ਦੀ ਟੱਕਰ ਦੇ ਰੂਪ ਵਿਚ ਪੇਸ਼ ਕਰ ਕੇ ਇਸ ਦਾ ਇਹ ਸਮਾਧਾਨ ਪੇਸ਼ ਕੀਤਾ ਹੈ ਕਿ ਸੱਸ ਨੂੰ ਨੂੰਹ ਬਣਾਈ ਪਰਾਈ ਧੀ ਨਾਲ ਉਹੋ ਜਿਹਾ ਸਲੂਕ ਹੀ ਕਰਨਾ ਚਾਹੀਦਾ ਹੈ, ਜਿਹੋ ਜਿਹੇ ਸਲੂਕ ਦੀ ਉਹ ਪਰਾਏ ਘਰ ਗਈ ਆਪਣੀ ਧੀ ਨਾਲ ਆਸ ਕਰਦੀ ਹੈ ।

## ਨਿਊ ਸਟਾਈਲ ਮਾਡਲ ਟੈੱਸਟ ਪੇਪਰ—5

**1. ਉੱਤਰ**—(*i*) ਪਾਣੀ ਦੇ ਕਾਠ ਨਾਲ, (*ii*) ਆਪਾ ਗੁਆਉਣਾ, (*iii*) ਆਪੇ ਦਾ ਪੂਰਨ ਨਾਸ਼, (*iv*) ਪਾਣੀ ਨੂੰ ਦੁੱਖ ਦਿੰਦਾ ਹੈ, (*v*) ਵੈਰ ਦਾ, (*vi*) ਪਿਆਰ ਨਾਲ ।

**2. ਉੱਤਰ**—

(*i*) ਕੋਈ ਇਲਾਹੀ ਰਾਗ ।

(*ii*) ਗਿੱਧੇ ਨੂੰ ।

(*iii*) ਵੰਝਲੀ ਤੇ ਤੂੰਬਾ ।

(*iv*) ਮਿਰਜ਼ਾ-ਸਾਹਿਬਾਂ ਤੇ ਵਾਰਿਸ ਸ਼ਾਹ ਦਾ ਹੀਰ-ਰਾਂਝਾ ।

**3. ਉੱਤਰ**—(*i*) ਪੜ੍ਹਿਆ-ਲਿਖਿਆ, (*ii*) ਘਰ-ਬਾਹਰ, (*iii*) ਕਾਲਾ-ਸ਼ਾਹ ।

**4. ਉੱਤਰ**—(*i*) ਆਰਜ਼ੀ, (*ii*) ਬਹੁਅਰਥਕ ਸ਼ਬਦ, (*iii*) ਸੰਗ ਤਾਰੇ ਕੁਸੰਗ ਡੋਬੇ ।

**5. ਉੱਤਰ**—(*i*) ਅੱਠ, (*ii*) ਕਿਰਿਆ ਦੇ ਵਾਪਰਨ ਦਾ ਸਮਾਂ, (*iii*) ਮੁੜ-ਮੁੜ/ਘੜੀ-ਮੁੜੀ/ਦੋਹਰਾ ।

**6.** (*i*) **ਉੱਤਰ**—(ੳ) ਹਮਰਾਹੀ, ਹਮਦਰਦੀ ।

(ਅ) ਕਮਜ਼ੋਰ, ਕਮਬਖ਼ਤ ।

(*ii*) **ਉੱਤਰ**—(ੳ) ਮਰੀਅਲ, ਸੜੀਅਲ ।

(ਅ) ਸਵੇਰਸਾਰ, ਮਿਲਣਸਾਰ ।

**7. ਉੱਤਰ**—

**(*i*) ਕੁੱਛੜ ਬਹਿ ਕੇ ਦਾੜ੍ਹੀ ਪੁੱਟਣੀ** (ਆਪਣਾ ਬਣਾ ਕੇ ਬੇਇੱਜ਼ਤੀ ਕਰਨੀ)—ਜਦੋਂ ਪੰਚਾਇਤ ਵਿਚ ਮੇਰਾ ਆਪਣਾ ਭਰਾ ਹੀ ਮੇਰੇ ਖ਼ਿਲਾਫ਼ ਬੋਲਣ ਲੱਗ ਪਿਆ, ਤਾਂ ਮੈਂ ਕਿਹਾ, ਜੇਕਰ ਤੂੰ ਕੋਈ ਚੱਜ ਦੀ ਗੱਲ ਨਹੀਂ ਕਰ ਸਕਦਾ, ਤਾਂ ਘੱਟੋ-ਘੱਟ **ਕੁੱਛੜ ਬਹਿ ਕੇ ਦਾੜ੍ਹੀ ਨਾ ਪੁੱਟ ।**

**(*ii*) ਖ਼ੂਨ ਉਬਲਣਾ** (ਜੋਸ਼ ਆ ਜਾਣਾ)—ਮੁਗ਼ਲਾਂ ਦੇ ਜ਼ੁਲਮ ਦੇਖ ਕੇ ਸਿੱਖ ਕੌਮ ਦਾ **ਖ਼ੂਨ ਉਬਲਣਾ ਸ਼ੁਰੂ ਹੋ ਗਿਆ ।**

**(*iii*) ਗਲ ਪਿਆ ਢੋਲ ਵਜਾਉਣਾ** (ਕੋਈ ਅਜਿਹਾ ਕੰਮ ਕਰਨ ਲਈ ਮਜਬੂਰ ਹੋ ਜਾਣਾ, ਜੋ ਬੇਸੁਆਦਾ ਹੋਵੇ)—ਮੇਰਾ ਇਹ ਕੰਮ ਕਰਨ ਨੂੰ ਜੀ ਨਹੀਂ ਕਰਦਾ, ਐਵੇਂ **ਗਲ ਪਿਆ ਢੋਲ ਵਜਾਉਣਾ** ਪੈ ਰਿਹਾ ਹੈ ।

**(*iv*) ਘੋਗਲ ਕੰਨਾ ਬਣਨਾ** (ਮਚਲਾ ਬਣ ਜਾਣਾ)—ਤੂੰ ਕਿਸੇ ਦੀ ਗੱਲ ਸੁਣਦਾ ਹੀ ਨਹੀਂ, ਸਾਰਾ ਦਿਨ **ਘੋਗਲ ਕੰਨਾ ਬਣ ਕੇ** ਬੈਠਾ ਰਹਿੰਦਾ ਹੈਂ ।

**(*v*) ਚਾਉੜਾਂ ਕਰਨੀਆਂ** (ਆਕੜ ਦਿਖਾਉਣੀ)—ਸੁਰਜੀਤ ਪਿਛਲੀ ਪ੍ਰੀਖਿਆ ਵਿਚ ਮੇਰੇ ਨਾਲੋਂ ਵੱਧ ਨੰਬਰ ਲੈ ਕੇ ਬੜੀਆਂ **ਚਾਉੜਾਂ ਕਰ ਰਿਹਾ ਸੀ,** ਪਰੰਤੂ ਐਤਕੀਂ ਮੈਂ ਉਸ ਨਾਲੋਂ ਵੱਧ ਨੰਬਰ ਲੈ ਕੇ ਉਸਦੀ ਸਾਰੀ ਆਕੜ ਭੰਨ ਦਿੱਤੀ ਹੈ ।

**(*vi*) ਜ਼ਬਾਨ ਦੇਣੀ** (ਇਕਰਾਰ ਕਰਨਾ)—ਮੈਂ ਜੋ **ਜ਼ੁਬਾਨ ਦਿੱਤੀ ਹੈ,** ਮੇਰੇ ਲਈ ਉਸ ਤੋਂ ਫਿਰਨਾ ਬਹੁਤ ਔਖਾ ਹੈ ।

**8. ਉੱਤਰ**—

### (*i*) ਗੁਰੂ ਤੇਗ਼ ਬਹਾਦਰ ਜੀ

'ਹਿੰਦ ਦੀ ਚਾਦਰ' ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਦੀ ਰਾਖੀ ਲਈ ਮਹਾਨ ਕੁਰਬਾਨੀ ਦਿੱਤੀ । ਆਪ ਦਾ ਜਨਮ 1 ਅਪਰੈਲ,

HOLY FAITH INTERNATIONAL (P) LTD.

1621 ਈ: ਨੂੰ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ । ਆਪ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ ।

ਆਪ ਬਚਪਨ ਤੋਂ ਹੀ ਸੰਤ-ਸਰੂਪ, ਅਡੋਲ-ਚਿੱਤ, ਗੰਭੀਰ ਤੇ ਨਿਰਭੈ ਸੁਭਾ ਦੇ ਮਾਲਕ ਸਨ । ਗੁਰੂ ਹਰਗੋਬਿੰਦ ਜੀ ਨੇ ਆਪ ਨੂੰ ਵਿੱਦਿਆ ਆਪਣੀ ਦੇਖ-ਰੇਖ ਹੇਠ ਦਿਵਾਈ । 1634 ਵਿਚ ਆਪ ਨੇ ਆਪਣੇ ਪਿਤਾ ਜੀ ਨਾਲ ਮਿਲ ਕੇ ਕਰਤਾਰਪੁਰ ਦੇ ਯੁੱਧ ਵਿਚ ਆਪਣੀ ਤਲਵਾਰ ਦੇ ਜੌਹਰ ਵਿਖਾਏ ਅਤੇ ਆਪ ਤਿਆਗ ਮੱਲ ਤੋਂ ਤੇਗ਼ ਬਹਾਦਰ ਕਹਾਏ ।

ਆਪ ਜੀ ਦਾ ਵਿਆਹ 1634 ਈ: ਵਿਚ (ਮਾਤਾ) ਗੁਜਰੀ ਜੀ ਨਾਲ ਹੋਇਆ । ਗੁਰੂ ਹਰਗੋਬਿੰਦ ਜੀ ਦੇ ਜੋਤੀ-ਜੋਤ ਸਮਾਉਣ ਮਗਰੋਂ ਆਪ ਪਿੰਡ ਬਕਾਲਾ ਵਿਚ ਆ ਗਏ ਤੇ ਉੱਥੇ ਵੀਹ ਸਾਲ ਭੋਰੇ ਵਿਚ ਬੈਠ ਕੇ ਸਿਮਰਨ ਕਰਦੇ ਰਹੇ ।

ਜਿਸ ਵੇਲੇ ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸੰਗਤਾਂ ਨੂੰ 'ਬਾਬਾ ਬਕਾਲੇ' ਕਹਿ ਕੇ ਗੁਰਗੱਦੀ ਸੌਂਪੀ , ਤਾਂ ਉੱਥੇ ਕਈ ਦੰਭੀ ਆਪਣੇ ਆਪ ਨੂੰ ਗੁਰਗੱਦੀ ਦੇ ਮਾਲਕ ਦੱਸਣ ਲੱਗੇ । ਇਸ ਤਰ੍ਹਾਂ ਉੱਥੇ ਬਾਈ ਗੁਰੂ ਬਣ ਬੈਠੇ ।

ਅਖ਼ੀਰ ਇਕ ਸਾਲ ਪਿੱਛੋਂ ਭਾਈ ਮੱਖਣ ਸ਼ਾਹ ਲੁਬਾਣਾ, ਜਿਸ ਦਾ ਜਹਾਜ਼ ਸਮੁੰਦਰ ਦੀ ਘੁੰਮਣਘੇਰੀ ਵਿਚੋਂ ਗੁਰੂ ਜੀ ਦੀ ਕਿਰਪਾ ਨਾਲ ਪਾਰ ਲੱਗਾ ਸੀ, ਆਪਣੀ ਸੁਖਣਾ ਦੀਆਂ 500 ਮੋਹਰਾਂ ਲੈ ਕੇ ਬਾਬਾ ਬਕਾਲੇ ਪੁੱਜਾ । ਸੱਚੇ ਗੁਰੂ ਸੰਬੰਧੀ ਉਹ ਬਹੁਤ ਸ਼ਸ਼ੋਪੰਜ ਵਿਚ ਪੈ ਗਿਆ । ਉਸ ਨੇ ਹਰ ਭੇਖੀ ਗੁਰੂ ਅੱਗੇ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ । ਜਦੋਂ ਉਸ ਨੇ ਗੁਰੂ ਤੇਗ਼ ਬਹਾਦਰ ਜੀ ਅੱਗੇ ਪੰਜ ਮੋਹਰਾਂ ਭੇਟਾ ਕੀਤੀਆਂ, ਤਾਂ ਉਨ੍ਹਾਂ ਨੇ ਉਸ ਨੂੰ ਕਿਹਾ ਕਿ ਉਹ ਪੰਜ ਸੌ ਮੋਹਰਾਂ ਸੁੱਖ ਕੇ ਕੇਵਲ ਪੰਜ ਭੇਟਾ ਕਰ ਰਿਹਾ ਹੈ । ਇਹ ਸੁਣ ਕੇ ਮੱਖਣ ਸ਼ਾਹ ਲੁਬਾਣਾ ਕੋਠੇ ਚੜ੍ਹ ਕੇ ਉੱਚੀ-ਉੱਚੀ ਰੌਲਾ ਪਾਉਣ ਲੱਗਾ ਪਿਆ—''ਗੁਰੂ ਲਾਧੋ ਰੇ, ਗੁਰੂ ਲਾਧੋ ਰੇ ।''

ਇਸ ਤਰ੍ਹਾਂ ਗੁਰੂ ਰੂਪ ਵਿਚ ਪ੍ਰਗਟ ਹੋਣ ਤੋਂ ਮਗਰੋਂ ਗੁਰੂ ਤੇਗ਼ ਬਹਾਦਰ ਜੀ ਨੇ ਦੂਰ-ਦੂਰ ਤੀਕ ਧਰਮ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ । ਆਪ ਨੇ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਸਿਦਕ, ਬੀਰਤਾ ਤੇ ਪਵਿੱਤਰਤਾ ਦੇ ਸੱਚੇ ਵਿਚ ਢਾਲਿਆ । ਬਕਾਲੇ ਤੋਂ ਆਪ ਕੀਰਤਪੁਰ ਪੁੱਜੇ ਤੇ ਫਿਰ ਕਹਿਲੂਰ ਦੇ ਰਾਜੇ ਤੋਂ ਜ਼ਮੀਨ ਖ਼ਰੀਦ ਕੇ ਆਨੰਦਪੁਰ ਸਾਹਿਬ ਨਗਰ ਵਸਾਇਆ ।

ਉਸ ਸਮੇਂ ਕਸ਼ਮੀਰ ਦਾ ਸੂਬੇਦਾਰ ਸ਼ੇਰ ਅਫ਼ਗਾਨ ਤਲਵਾਰ ਦੇ ਜ਼ੋਰ ਨਾਲ ਸਭ ਕਸ਼ਮੀਰੀ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ । ਕਸ਼ਮੀਰ ਦੇ ਦੁਖੀ ਪੰਡਿਤਾਂ ਨੇ ਗੁਰੂ ਜੀ ਅੱਗੇ ਫ਼ਰਿਆਦ ਕੀਤੀ । ਬਾਲਕ ਗੋਬਿੰਦ ਰਾਇ ਦੀ ਬੇਨਤੀ ਉੱਤੇ ਗੁਰੂ ਤੇਗ਼ ਬਹਾਦਰ ਜੀ ਤਿਲਕ-ਜੰਞੂ ਦੀ ਰਖਵਾਲੀ ਲਈ ਆਪਣੀ ਕੁਰਬਾਨੀ ਲਈ ਤਿਆਰ ਹੋ ਗਏ ।

ਇਸ ਤੋਂ ਪਿੱਛੋਂ ਆਪ ਨੇ ਦਿੱਲੀ ਜਾ ਕੇ 11 ਨਵੰਬਰ, 1675 ਈ: ਨੂੰ ਆਪਣੇ ਸੀਸ ਦੀ ਕੁਰਬਾਨੀ ਦਿੱਤੀ । ਆਪ ਦੀ ਮਹਾਨ ਕੁਰਬਾਨੀ ਨੇ ਲੋਕਾਂ ਦੀ ਸੋਚਣੀ ਵਿਚ ਇਨਕਲਾਬ ਲੈ ਆਂਦਾ । ਆਪ ਦੀ ਇਸ ਕੁਰਬਾਨੀ ਤੋਂ ਮਗਰੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ।

### (*ii*) ਕੌਮੀ ਏਕਤਾ

ਭਾਰਤ ਵਿਚ ਅਨੇਕਾਂ ਨਸਲਾਂ ਤੇ ਜਾਤਾਂ ਦੇ ਲੋਕ ਵਸਦੇ ਹਨ । ਉਹ ਭਿੰਨ-ਭਿੰਨ ਭਾਸ਼ਾਵਾਂ ਬੋਲਦੇ, ਭਿੰਨ-ਭਿੰਨ ਸੱਭਿਆਚਾਰਾਂ ਦੇ ਮਾਲਕ ਅਤੇ ਭਿੰਨ-ਭਿੰਨ ਧਰਮਾਂ ਨੂੰ ਮੰਨਣ ਵਾਲੇ ਹਨ, ਪਰ ਇੰਨਾ ਕੁੱਝ ਹੁੰਦਿਆਂ ਹੋਇਆਂ ਵੀ ਭਾਰਤ ਇਕ ਕੌਮ ਹੈ । ਭਾਰਤ ਦੀ ਅਜ਼ਾਦੀ ਤੇ ਖ਼ੁਦਮੁਖ਼ਤਾਰੀ ਦੀ ਰੱਖਿਆ ਲਈ ਅਤੇ ਇਸ ਨੂੰ ਉੱਨਤ ਤੇ ਖ਼ੁਸ਼ਹਾਲ ਬਣਾਉਣ ਲਈ ਇਸ ਵਿਚ ਕੌਮੀ ਏਕਤਾ ਦਾ ਹੋਣਾ ਵੀ ਜ਼ਰੂਰੀ ਹੈ ।

ਅਜ਼ਾਦੀ ਤੋਂ ਪਹਿਲਾਂ ਜਦੋਂ ਭਾਰਤ ਉੱਤੇ ਅੰਗਰੇਜ਼ਾਂ ਦਾ ਰਾਜ ਸੀ, ਤਾਂ ਉਹ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਪੱਠੇ ਪਾਉਣ ਲਈ ਭਾਰਤ ਨੂੰ ਇਕ ਕੌਮ ਨਹੀਂ ਸਨ ਮੰਨਦੇ । ਬਰਤਾਨੀਆ ਦੇ ਪ੍ਰਧਾਨ ਮੰਤਰੀ ਚਰਚਿਲ ਨੇ ਤਾਂ ਇਕ ਵਾਰ ਕਿਹਾ ਸੀ ਕਿ ਭਾਰਤ ਦਾ ਇਕ ਕੌਮ ਹੋਣਾ ਤਾਂ ਦੂਰ ਰਿਹਾ, ਉਹ ਕੌਮ ਦੇ ਲਾਗੇ ਵੀ ਨਹੀਂ । ਅੰਗਰੇਜ਼ੀ ਲੇਖਕਾਂ ਜਾਂ ਰਾਜਨੀਤਿਕਾਂ ਨੇ ਆਪਣੇ ਪੱਖ ਵਿਚ ਦਲੀਲਾਂ ਦਿੰਦਿਆਂ ਕਿਹਾ ਕਿ (*i*) ਭਾਰਤ ਵਿਚ ਅਨੇਕਾਂ ਜਾਤਾਂ ਜਾਂ ਨਸਲਾਂ ਵਸਦੀਆਂ ਹਨ । ਉੱਤਰੀ ਭਾਰਤ ਵਿਚ ਆਰੀਆ ਲੋਕ ਅਤੇ ਦੱਖਣ ਵਿਚ ਦ੍ਰਾਵਿੜ । ਇਸ ਤੋਂ ਬਿਨਾਂ ਬਹੁਤ ਸਾਰੀਆਂ ਨਸਲਾਂ—ਪਠਾਣ, ਹੂਨ, ਸ਼ੱਕ ਤੇ ਮੰਗੋਲ ਆਦਿ ਬਾਹਰੋਂ ਆਈਆਂ ਹਨ । ਇੰਨੀਆਂ ਨਸਲਾਂ ਵਾਲੇ ਦੇਸ਼ ਨੂੰ ਇਕ ਕੌਮ ਨਹੀਂ ਕਿਹਾ ਜਾ ਸਕਦਾ । (*ii*) ਉਨ੍ਹਾਂ ਆਪਣੇ ਪੱਖ ਵਿਚ ਦੂਜੀ ਦਲੀਲ ਇਹ ਦਿੱਤੀ ਕਿ ਭਾਰਤ ਵਿਚ ਭਿੰਨ-ਭਿੰਨ ਲੋਕ ਭਿੰਨ-ਭਿੰਨ ਭਾਸ਼ਾਵਾਂ ਬੋਲਦੇ ਹਨ, ਜਿਸ ਕਰਕੇ ਇਹ ਇਕ ਕੌਮ ਦਾ ਗੁਣ ਨਹੀਂ । (*iii*) ਉਨ੍ਹਾਂ ਇਹ ਦਲੀਲ ਵੀ ਦਿੱਤੀ ਕਿ ਭਾਰਤ ਵਿਚ ਧਾਰਮਿਕ ਏਕਤਾ ਦੀ ਥੁੜ੍ਹ ਹੈ । ਇਸ ਦੇ ਨਾਲ ਹੀ ਉਨ੍ਹਾਂ ਭਾਰਤ ਵਿਚ ਭੂਗੋਲਿਕ ਏਕਤਾ ਦੀ ਥੁੜ੍ਹ, ਲੋਕਾਂ ਦੇ ਭਿੰਨ-ਭਿੰਨ ਰੀਤੀ-ਰਿਵਾਜਾਂ ਤੇ ਫ਼ਿਰਕੂ ਏਕਤਾ ਦੀ ਥੁੜ੍ਹ ਨੂੰ ਵੀ ਇਸ ਦਾ ਕਾਰਨ ਦੱਸਿਆ । ਇਨ੍ਹਾਂ ਆਧਾਰਾਂ 'ਤੇ ਅੰਗਰੇਜ਼ਾਂ ਨੇ ਭਾਰਤੀ ਲੋਕਾਂ ਵਿਚ ਨਸਲਾਂ, ਭਾਸ਼ਾਵਾਂ ਤੇ ਵਿਤਕਰੇ ਪਾ ਕੇ ਤੇ ਭਾਰਤੀਆਂ ਨੂੰ ਪਾੜ ਕੇ ਆਪਣਾ ਸਾਮਰਾਜੀ ਗ਼ਲਬਾ ਕਾਇਮ ਰੱਖਿਆ । ਪਰ ਸਾਮਰਾਜੀਆਂ ਦੀਆਂ ਇਹ ਦਲੀਲਾਂ ਥੋਥੀਆਂ ਸਨ । ਨਸਲ, ਧਰਮ ਅਤੇ ਭਾਸ਼ਾ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਤੱਤ ਹੁੰਦੇ ਹਨ, ਜਿਨ੍ਹਾਂ ਨਾਲ ਕੌਮ ਦਾ ਨਿਰਮਾਣ ਹੁੰਦਾ ਹੈ ; ਜਿਵੇਂ ਸਾਂਝਾ ਇਤਿਹਾਸ, ਸਾਂਝੇ ਵਿਚਾਰ, ਸਾਂਝਾ ਹਿੱਤ, ਸਾਂਝੀ ਸੱਭਿਅਤਾ, ਬਰਾਬਰ ਦੇ ਰਾਜਨੀਤਿਕ ਅਧਿਕਾਰ, ਇੱਛਾਵਾਂ, ਸਾਂਝੇ ਰੀਤੀ-ਰਿਵਾਜ ਤੇ ਭਾਵਨਾਵਾਂ ਆਦਿ । ਮੁੱਖ ਰੂਪ ਵਿਚ ਭਾਰਤੀਆਂ ਦਾ ਪਹਿਰਾਵਾ, ਰਹਿਣ-ਸਹਿਣ, ਵਿਚਾਰਧਾਰਾ ਤੇ ਰੀਤੀ-ਰਿਵਾਜ ਇਕ ਹੀ ਹਨ । ਜਦੋਂ ਭਾਰਤ ਗ਼ੁਲਾਮ ਸੀ, ਤਾਂ ਸਮੁੱਚੇ ਭਾਰਤੀਆਂ ਵਿਚ ਅੰਗਰੇਜ਼ਾਂ ਨੂੰ ਬਾਹਰ ਕੱਢਣ ਦੀਆਂ ਭਾਵਨਾਵਾਂ ਕੰਮ ਕਰ ਰਹੀਆਂ ਸਨ । ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਚੱਲੀ ਗੋਲੀ ਦਾ ਦੁੱਖ ਬੰਗਾਲ

HOLY FAITH INTERNATIONAL (P) LTD.

ਵਿਚ ਬੈਠੇ ਰਾਵਿੰਦਰ ਨਾਥ ਟੈਗੋਰ ਨੂੰ ਅਨੁਭਵ ਹੁੰਦਾ ਸੀ ਤੇ ਪੰਜਾਬੀ ਤੇ ਬੰਗਾਲੀ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦੇ ਰਹੇ । ਅੰਗਰੇਜ਼ਾਂ ਦੇ ਉਪਰੋਕਤ ਪ੍ਰਚਾਰ ਕਾਰਨ ਹੀ ਮੁਸਲਮਾਨਾਂ ਨੇ ਵੱਖਰੇ ਰਾਜ ਦੀ ਮੰਗ ਕੀਤੀ ਪਰ ਇਨਕਲਾਬੀ ਤੇ ਦੇਸ਼-ਭਗਤ ਮੁਸਲਮਾਨ, ਸਿੱਖਾਂ ਤੇ ਹਿੰਦੂਆਂ ਨਾਲ ਮਿਲ ਕੇ ਕੁਰਬਾਨੀਆਂ ਕਰਦੇ ਰਹੇ । ਇਸੇ ਪ੍ਰਕਾਰ 1962 ਦੇ ਚੀਨੀ ਹਮਲੇ ਤੇ 1965 ਤੇ 1971 ਦੇ ਪਾਕਿਸਤਾਨ ਹਮਲੇ ਸਮੇਂ ਭਾਰਤ ਵਿਚ ਕੌਮੀ ਏਕਤਾ ਜਿਸ ਮਜ਼ਬੂਤੀ ਨਾਲ ਕਿਰਿਆਸ਼ੀਲ ਹੋਈ, ਉਹ ਇਸ ਗੱਲ ਦੀ ਗਵਾਹੀ ਹੈ ਕਿ ਭਾਰਤੀ ਇਕ ਹਨ ਤੇ ਜੇਕਰ ਉਨ੍ਹਾਂ ਦੇ ਕੋਈ ਭਿੰਨ-ਭੇਦ ਹਨ, ਤਾਂ ਉਹ ਇਕ ਪਰਿਵਾਰ ਦੇ ਮੈਂਬਰਾਂ ਵਾਲੇ ਹਨ, ਜਿਨ੍ਹਾਂ ਦੀ ਹਸਤੀ ਥੋੜ੍ਹਾ ਚਿਰ ਹੀ ਕਾਇਮ ਰਹਿੰਦੀ ਹੈ ।

ਕੌਮੀ ਏਕਤਾ ਇਕ ਅਧਿਆਤਮਕ ਭਾਵਨਾ ਹੈ । ਅੱਜ ਜਦੋਂ ਭਾਰਤ ਆਜ਼ਾਦ ਹੈ, ਤਾਂ ਇਸ ਦੀ ਹੋਰ ਵੀ ਵਧੇਰੇ ਲੋੜ ਹੈ । ਹੁਣ ਸਾਨੂੰ ਭਾਸ਼ਾਈ, ਪ੍ਰਾਂਤਕ, ਧਾਰਮਿਕ, ਫ਼ਿਰਕੂ ਤੇ ਨਸਲੀ ਵਿਤਕਰੇ ਪੂਰੀ ਤਰ੍ਹਾਂ ਤਿਆਗ ਦੇਣੇ ਚਾਹੀਦੇ ਹਨ, ਕਿਉਂਕਿ ਇਹ ਵਿਤਕਰੇ ਸਾਡੇ ਵਿਚ ਕੁਦਰਤੀ ਨਹੀਂ, ਸਗੋਂ ਵਿਦੇਸ਼ੀਆਂ ਦੇ ਪੈਦਾ ਕੀਤੇ ਹੋਏ ਹਨ । ਕੌਮੀ ਏਕਤਾ ਦੀ ਭਾਵਨਾ ਦੇ ਮਜ਼ਬੂਤ ਰਹਿਣ ਨਾਲ ਹੀ ਸਾਡਾ ਭਾਰਤ ਆਪਣੀ ਅਜ਼ਾਦੀ ਤੇ ਖ਼ੁਦਮੁਖ਼ਤਾਰੀ ਦੀ ਰੱਖਿਆ ਕਰ ਸਕਦਾ ਹੈ ਤੇ ਉਹ ਉੱਨਤੀ ਤੇ ਖ਼ੁਸ਼ਹਾਲੀ ਵਲ ਛਾਲਾਂ ਮਾਰ ਕੇ ਵਧ ਸਕਦਾ ਹੈ ।

### (*iii*) ਲਾਇਬਰੇਰੀ

ਜੇਕਰ ਸਕੂਲ ਨੂੰ ਵਿੱਦਿਆ ਦਾ ਮੰਦਰ ਕਿਹਾ ਜਾਵੇ, ਤਾਂ ਲਾਇਬਰੇਰੀ ਨੂੰ ਉਸ ਮੰਦਰ ਦਾ ਉਹ ਕਮਰਾ ਕਿਹਾ ਜਾ ਸਕਦਾ ਹੈ, ਜਿੱਥੇ ਧਰਮ ਨਾਲ ਸੰਬੰਧਿਤ ਪੋਥੀਆਂ ਜਾਂ ਮੂਰਤੀਆਂ ਸੁਸ਼ੋਭਿਤ ਹੁੰਦੀਆਂ ਹਨ ।

ਲਾਇਬਰੇਰੀ ਸਕੂਲ ਦਾ ਇਕ ਮਹੱਤਵਪੂਰਨ ਸਥਾਨ ਹੁੰਦਾ ਹੈ । ਇੱਥੇ ਭਿੰਨ-ਭਿੰਨ ਵਿਸ਼ਿਆਂ ਨਾਲ ਸੰਬੰਧਿਤ ਹਜ਼ਾਰਾਂ ਪੁਸਤਕਾਂ ਨੂੰ ਇਕ ਤਰਤੀਬ ਵਿਚ ਕਾਊਂਟਰਾਂ ਤੇ ਅਲਮਾਰੀਆਂ ਵਿਚ ਰੱਖਿਆ ਹੁੰਦਾ ਹੈ । ਹਰ ਕਿਤਾਬ ਉੱਪਰ ਨੰਬਰ ਲੱਗਾ ਹੁੰਦਾ ਹੈ । ਇਸ ਸੰਬੰਧੀ ਲੇਖਕ ਅਤੇ ਪੁਸਤਕ ਦੇ ਨਾਂ ਉੱਤੇ ਕੈਟਾਲਾਗ ਬਣੀ ਹੁੰਦੀ ਹੈ, ਜਿਸ ਵਿਚੋਂ ਅਸੀਂ ਮਨਚਾਹੀ ਪੁਸਤਕ ਦਾ ਨੰਬਰ ਦੇਖ ਕੇ ਉਸ ਨੂੰ ਲਾਇਬਰੇਰੀ ਦੇ ਕਿਸੇ ਅਧਿਕਾਰੀ ਜਾਂ ਮੁਲਾਜ਼ਮ ਤੋਂ ਕਢਵਾ ਸਕਦੇ ਹਾਂ ।

ਸਕੂਲ ਦੀ ਲਾਇਬਰੇਰੀ ਵਿਚ ਵਿਦਿਆਰਥੀਆਂ ਦੇ ਕੋਰਸ ਨਾਲ ਸੰਬੰਧਿਤ ਪਾਠ-ਪੁਸਤਕਾਂ ਤੋਂ ਇਲਾਵਾ ਜਗਤ ਪ੍ਰਸਿੱਧ ਲੇਖਕਾਂ ਦੁਆਰਾ ਸਾਹਿਤ, ਵਿਗਿਆਨ, ਅਰਥ-ਵਿਗਿਆਨ, ਮਨੋਵਿਗਿਆਨ, ਇਤਿਹਾਸ, ਭੂਗੋਲ, ਬਨਸਪਤੀ ਵਿਗਿਆਨ, ਪੁਲਾੜ ਦੀ ਖੋਜ, ਤਾਰਾ-ਵਿਗਿਆਨ, ਜੀਵ-ਵਿਗਿਆਨ, ਬਨਸਪਤੀ-ਵਿਗਿਆਨ, ਫ਼ਿਲਾਸਫ਼ੀ, ਭੂਗੋਲ ਆਦਿ ਗੱਲ ਕੀ ਹਰ ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਰੱਖੀਆਂ ਹੁੰਦੀਆਂ ਹਨ । ਇਨ੍ਹਾਂ ਦਾ ਸੰਗ੍ਰਹਿ ਆਮ ਕਰਕੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਪੱਧਰ ਤੇ ਲੋੜ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ । ਇੱਥੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਬੈਠਣ ਲਈ ਵੱਖਰੇ-ਵੱਖਰੇ ਮੇਜ਼ ਲੱਗੇ ਹੁੰਦੇ ਹਨ । ਕੁੱਝ ਮੇਜ਼ਾਂ ਉੱਪਰ ਅਖ਼ਬਾਰਾਂ ਅਤੇ ਰਸਾਲੇ ਪਏ ਹੁੰਦੇ ਹਨ । ਆਮ ਕਰਕੇ ਵਿਦਿਆਰਥੀ ਤੇ ਅਧਿਆਪਕ ਆਪਣੇ ਵਿਹਲੇ ਸਮੇਂ ਵਿਚ ਇਨ੍ਹਾਂ ਨੂੰ ਪੜ੍ਹਦੇ ਤੇ ਇਸ ਤੋਂ ਗਿਆਨ ਤੇ ਅਗਵਾਈ ਪ੍ਰਾਪਤ ਕਰਦੇ ਹਨ ।

ਲਾਇਬਰੇਰੀ ਵਿਚੋਂ ਪੁਸਤਕਾਂ ਲੈਣ ਲਈ ਵਿਦਿਆਰਥੀਆਂ ਦੇ ਕਾਰਡ ਬਣੇ ਹੁੰਦੇ ਹਨ ਤੇ ਉਨ੍ਹਾਂ ਨੂੰ ਇਕ ਵੇਲੇ ਇੱਕੋ ਕਿਤਾਬ 10 ਕੁ ਦਿਨ ਰੱਖਣ ਲਈ ਮਿਲਦੀ ਹੈ । ਇਸ ਤੋਂ ਮਗਰੋਂ ਕਿਤਾਬ ਵਾਪਸ ਕਰਨ ਵਾਲੇ ਨੂੰ ਹਰ ਰੋਜ਼ ਦੇ ਹਿਸਾਬ ਨਿਸਚਿਤ ਜ਼ੁਰਮਾਨਾ ਭਰਨਾ ਪੈਂਦਾ ਹੈ । ਅਧਿਆਪਕਾਂ ਨੂੰ ਇਕ ਤੋਂ ਵੱਧ ਪੁਸਤਕਾਂ ਅਨਿਸਚਿਤ ਸਮੇਂ ਤੱਕ ਰੱਖਣ ਦੀ ਖੁੱਲ੍ਹ ਹੁੰਦੀ ਹੈ ।

ਸਕੂਲ ਵਿਚ ਲਾਇਬਰੇਰੀ ਤੋਂ ਬਿਨਾਂ ਵਿੱਦਿਆ ਦੇਣ ਦਾ ਕੰਮ ਅਧੂਰਾ ਰਹਿੰਦਾ ਹੈ । ਇਸ ਕਰਕੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਇਸ ਦੇ ਵਿਕਾਸ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ।

**9. ਉੱਤਰ—**

ਪ੍ਰੀਖਿਆ ਭਵਨ,
......... ਸਕੂਲ,
......... ਸ਼ਹਿਰ ।
27 ਜੂਨ, 20....

ਪਿਆਰੀ ਅਨਮੋਲ,
ਸਤਿ ਸ੍ਰੀ ਅਕਾਲ ।

ਐਤਕੀਂ ਗਰਮੀਆਂ ਦੀਆਂ ਛੁੱਟੀਆਂ ਵਿਚ ਮੇਰਾ ਪ੍ਰੋਗਰਾਮ ਸ਼ਿਮਲੇ ਜਾਣ ਦਾ ਹੈ । ਇਸ ਨਾਲ ਇਕ ਤਾਂ ਪੰਜਾਬ ਦੀ ਸਖ਼ਤ ਗਰਮੀ ਤੋਂ ਬਚ ਜਾਵਾਂਗੇ ਅਤੇ ਦੂਸਰਾ ਪਾਣੀ ਬਦਲ ਜਾਵੇਗਾ, ਜੋ ਕਿ ਸਿਹਤ ਲਈ ਬਹੁਤ ਹੀ ਗੁਣਕਾਰੀ ਹੈ । ਮੇਰੇ ਨਾਲ ਮੇਰੇ ਮਾਤਾ ਜੀ ਵੀ ਜਾਣ ਲਈ ਤਿਆਰ ਹੋ ਗਏ ਹਨ । ਅਸੀਂ ਜੁਲਾਈ 'ਤੇ ਪਹਿਲੇ ਹਫ਼ਤੇ ਇੱਥੋਂ ਚੱਲ ਪਵਾਂਗੇ ।

ਸ਼ਿਮਲੇ ਅਸੀਂ ਇਕ ਹੋਟਲ ਵਿਚ ਰਹਿਣ ਦਾ ਪ੍ਰਬੰਧ ਕਰ ਲਿਆ ਹੈ । ਉੱਥੇ ਅਸੀਂ ਪਹਾੜਾਂ ਦੀ ਸੈਰ ਕਰ ਕੇ ਬਹੁਤ ਆਨੰਦ ਪ੍ਰਾਪਤ ਕਰਾਂਗੇ ਅਤੇ 25 ਜੁਲਾਈ ਨੂੰ ਵਾਪਸ ਆ ਜਾਵਾਂਗੇ ।

ਜੇਕਰ ਤੂੰ ਸਾਡੇ ਨਾਲ ਚਲ ਪਵੇਂ, ਤਾਂ ਬਹੁਤ ਮਜ਼ਾ ਆਵੇਗਾ । ਤੂੰ ਆਪਣੇ ਮਾਤਾ-ਪਿਤਾ ਤੋਂ ਆਗਿਆ ਲੈ ਕੇ ਜੁਲਾਈ ਦੀ ਪਹਿਲੀ-ਦੂਜੀ ਤਰੀਕ ਨੂੰ ਸਾਡੇ ਕੋਲ ਪੁੱਜ ਜਾਹ, ਤਾਂ ਜੋ ਅਸੀਂ ਇਕੱਠੀਆਂ ਸ਼ਿਮਲੇ ਜਾ ਕੇ ਗਰਮੀਆਂ ਦੀਆਂ ਛੁੱਟੀਆਂ ਗੁਜ਼ਾਰ ਸਕੀਏ ਤੇ ਪਹਾੜੀ ਇਲਾਕੇ ਦੀ ਸੈਰ ਦਾ ਆਨੰਦ ਮਾਣ ਸਕੀਏ ।

ਤੇਰੀ ਸਹੇਲੀ,
ਸੰਦੀਪ ।

ਟਿਕਟ

ਅਨਮੋਲ ਗਿੱਲ,
.....ਸਕੂਲ,
ਸੈਕਟਰ 28-C,
ਚੰਡੀਗੜ੍ਹ ।

***ਜਾਂ***

23, ਰਵਿੰਦਰ ਨਗਰ,
ਹੁਸ਼ਿਆਰਪੁਰ,
ਟੈਲੀਫੋਨ ........
10 ਜਨਵਰੀ, 20....

ਪੋਸਟ ਮਾਸਟਰ ਸਾਹਿਬ,
ਜਨਰਲ ਪੋਸਟ ਆਫ਼ਿਸ,
ਹੁਸ਼ਿਆਰਪੁਰ ।

ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਇਸ ਚਿੱਠੀ ਰਾਹੀਂ ਮੈਂ ਆਪ ਜੀ ਦਾ ਧਿਆਨ ਇਲਾਕੇ ਵਿਚ ਡਾਕ ਦੀ ਵੰਡ ਸੰਬੰਧੀ ਡਾਕੀਏ ਦੀ ਅਣਗਹਿਲੀ ਵਲ ਦਿਵਾਉਣਾ ਚਾਹੁੰਦਾ ਹਾਂ ।

ਇੱਥੇ ਆਮ ਚਿੱਠੀ-ਪੱਤਰ ਤਾਂ ਇਕ ਪਾਸੇ ਰਿਹਾ ਜ਼ਰੂਰੀ ਚਿੱਠੀਆਂ ਤੇ ਮਨੀਆਰਡਰ ਵੀ ਸਮੇਂ ਸਿਰ ਨਹੀਂ ਵੰਡੇ ਜਾਂਦੇ । ਜ਼ਰੂਰੀ ਚਿੱਠੀਆਂ ਕਈ-ਕਈ ਦਿਨ ਡਾਕੀਏ ਦੇ ਥੈਲੇ ਦਾ ਸ਼ਿੰਗਾਰ ਬਣੀਆਂ ਰਹਿੰਦੀਆਂ ਹਨ । ਕਈ ਇਲਾਕਾ ਵਾਸੀਆਂ ਨੇ ਦੱਸਿਆ ਹੈ ਕਿ ਡਾਕ ਦੀ ਵੰਡ ਵਿਚ ਦੇਰੀ ਹੋਣ ਨਾਲ ਉਨ੍ਹਾਂ ਨੂੰ ਨੁਕਸਾਨ ਉਠਾਉਣਾ ਪਿਆ ਹੈ । ਦੂਜੀ ਗੱਲ ਇਹ ਹੈ ਕਿ ਘਰਾਂ ਵਿਚ ਚਿੱਠੀਆਂ ਸੁੱਟਣ ਬਾਰੇ ਵੀ ਡਾਕੀਆ ਸੁਚੇਤ ਨਹੀਂ । ਹਰ ਘਰ ਦੇ ਬੂਹੇ ਨਾਲ ਚਿੱਠੀਆਂ ਲਈ ਲੈਟਰ ਬਾਕਸ ਲੱਗੇ ਹੋਏ ਹਨ, ਪਰ ਡਾਕੀਆ ਇਨ੍ਹਾਂ ਬਕਸਿਆਂ ਵਿਚ ਚਿੱਠੀਆਂ ਪਾਉਣ ਦੀ ਥਾਂ ਵਿਹੜੇ ਵਿਚ ਵਗਾਹ ਮਾਰਦਾ ਹੈ ਤੇ ਕਈ ਵਾਰੀ ਅਜਿਹੀਆਂ ਚਿੱਠੀਆਂ ਵਿਹੜੇ ਵਿਚ ਤਰੌਂਕੇ ਪਾਣੀ ਨਾਲ ਭਿੱਜ ਕੇ ਖ਼ਰਾਬ ਹੋ ਜਾਂਦੀਆਂ ਹਨ । ਪਿਛਲੇ ਹਫ਼ਤੇ ਮੈਨੂੰ ਡਾਕ ਰਾਹੀਂ ਆਇਆ ਇਕ ਚੈੱਕ ਇਸੇ ਤਰ੍ਹਾਂ ਖ਼ਰਾਬ ਹੋ ਗਿਆ ਸੀ ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੰਬੰਧਿਤ ਡਾਕੀਏ ਨੂੰ ਸਹੀ ਤਰ੍ਹਾਂ ਕੰਮ ਕਰਨ ਦੀ ਤਾੜਨਾ ਕੀਤੀ ਜਾਵੇ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਅਸ਼ੋਕ ਕੁਮਾਰ ।

**10. ਉੱਤਰ**—ਇਸ ਚਿਤਰ ਵਿਚ ਬਾਰਸ਼ ਦਾ ਦ੍ਰਿਸ਼ ਹੈ । ਕਿਸੇ ਸ਼ਹਿਰੀ ਇਲਾਕੇ ਵਿਚ ਕੁਝ ਮਰਦ-ਇਸਤਰੀਆਂ ਮੀਂਹ ਤੋਂ ਬਚਣ ਲਈ ਭਿੰਨ-ਭਿੰਨ ਪ੍ਰਕਾਰ ਦੀਆਂ ਛਤਰੀਆਂ ਤਾਣੀ ਜਾ ਰਹੇ ਹਨ । ਸੜਕ ਦੇ ਇਕ ਪਾਸੇ ਇਕ ਕਤਾਰ ਵਿਚ ਕੁੱਝ ਕਾਰਾਂ ਤੇ ਬੱਸ ਖੜੀਆਂ ਹਨ । ਸ਼ਾਇਦ ਉਨ੍ਹਾਂ ਦੇ ਸਾਹਮਣੇ ਜ਼ੈਬਰਾ ਕਰਾਸਿੰਗ ਹੈ, ਜਿਸ ਉੱਤੋਂ ਲੋਕ ਸੜਕ ਪਾਰ ਕਰ ਰਹੇ ਹਨ । ਸੜਕ ਵਿਚ ਵਰ੍ਹਦੇ ਮੀਂਹ ਦਾ ਪਾਣੀ ਹੈ, ਜਿਸ ਕਰਕੇ ਉਹ ਸਾਫ਼ ਦਿਖਾਈ ਨਹੀਂ ਦਿੰਦੀ । ਇਕ ਪਾਸੇ ਇਕ ਸਾਈਨ ਬੋਰਡ ਲੱਗਾ ਹੋਇਆ ਹੈ ਤੇ ਪਿਛਲੇ ਪਾਸੇ ਹਰੇ-ਭਰੇ ਦਰਖ਼ਤ ਹਨ ।

**11. ਉੱਤਰ**—(*i*) ਵਰਿਆਮ ਸੰਧੂ, (*ii*) ਧਰਤੀ ਹੇਠਲਾ ਬਲਦ, (*iii*) ਜਸਵੰਤ ਸਿੰਘ, (*iv*) ਗਿ: ਗੁਰਦਿੱਤ ਸਿੰਘ, (*v*) ਤੁਰਨ ਦਾ ਹੁਨਰ, (*vi*) ਸੁਕਰਾਤ ।

**12. ਉੱਤਰ**—(*i*) ਭੁੱਲਾਂ ਤੇ ਗੁਨਾਹ, (*ii*) ਗੁਰੂ ਅਰਜਨ ਦੇਵ ਜੀ, (*iii*) ਸੱਚ ਦਾ,, (*iv*) ਧੀ, (*v*) ਗੁੱਸੇਖੋਰ, (*vi*) ਸੁਖਰਾਜ।

**13. ਉੱਤਰ**—(*i*) ਮੇਰੇ ਵੱਡੇ-ਵਡੇਰੇ, (*ii*) ਤੁਰਨਾ, (*iii*) ਅਰਦਾਸ, (*iv*) ਕਰਜ਼ਾਈ ਹੋਣ ਕਰਕੇ, (*v*) ਚੂਹੜਕਾਣਾ ।

**14. ਉੱਤਰ**—

(*i*) ਕਾਕੇ ਦਾ ਭਾਵ ਸੀ ਕਿ ਉਹ ਜਾਣਦਾ ਹੈ ਕਿ ਉਸ ਦਾ ਪਿਤਾ ਵੱਖਰੇ-ਵੱਖਰੇ ਬਹਾਨੇ ਬਣਾ ਕੇ ਉਸ ਨੂੰ ਟਕਾ ਨਹੀਂ ਦੇਣਾ ਚਾਹੁੰਦਾ । ਇਸ ਕਰਕੇ ਜਦੋਂ ਲੇਖਕ ਉਸ ਨੂੰ ਮੁਰਮੁਰਾ ਖਾਣ ਨਾਲ ਖੰਘ ਲਗਦੀ ਹੋਣ ਦਾ ਡਰ ਦਿੰਦਾ ਹੈ, ਤਾਂ ਕਾਕਾ ਇਕ-ਦਮ ਉਸ ਦੀ ਗੱਲ ਰੱਦ ਕਰਦਾ ਹੋਇਆ ਕਹਿੰਦਾ ਹੈ ਕਿ ਉਸ ਨੂੰ ਪਤਾ ਹੈ ਕਿ ਉਸ ਨੂੰ ਮੁਰਮੁਰਾ ਖਾ ਕੇ ਖੰਘ ਨਹੀਂ ਲਗਣੀ, ਇਸ ਕਰਕੇ ਉਹ ਉਸ ਨੂੰ ਟਕਾ ਦੇਵੇ ।

(*ii*) ਕਰਤਾਰ ਸਿੰਘ ਦੇ ਛੋਟੀ ਉਮਰੇ ਦੁਨੀਆ ਤੋਂ ਤੁਰ ਜਾਣ ਦੇ ਕਾਰਨ ਉਸ ਦੇ ਵੈਲ ਸਨ । ਪਹਿਲਾਂ ਉਹ ਸ਼ਰਾਬ ਪੀਂਦਾ ਸੀ ਤੇ ਫਿਰ ਅਫ਼ੀਮ ਤੇ ਨਸ਼ੇ ਦੀਆਂ ਗੋਲੀਆਂ ਖਾਣ ਲੱਗਾ । ਉਹ ਨਸਵਾਰ ਤੇ ਬੀੜਾ ਜਿਹਾ ਵੀ ਲੈਂਦਾ ਸੀ । ਇਸੇ ਕਰ ਕੇ ਉਸ ਦੀ ਮੌਤ 'ਤੇ ਅਫ਼ਸੋਸ ਕਰਨ ਆਏ ਲੋਕ ਕਹਿੰਦੇ ਸਨ, ''........ ਉਹਨੂੰ ਲੈ ਬੈਠੇ ਉਹਦੇ ਵੈਲ,.....।''

(*iii*) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦੀ ਖ਼ਬਰ ਛੁਪਾਈ । ਇਸਦਾ ਕਾਰਨ ਇਹ ਸੀ ਕਿ ਉਹ ਮਾਨ ਸਿੰਘ ਨੂੰ ਉਸਦੇ ਦੋਸਤ ਕਰਮ ਸਿੰਘ ਦੀ ਮੌਤ ਦੀ ਖ਼ਬਰ ਸੁਣਾ ਕੇ ਉਸਦੀ ਛੁੱਟੀ ਦਾ ਸੁਆਦ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ । ਉਹ ਸਮਝਦਾ ਸੀ ਕਿ ਪਲਟਨ ਵਿਚ ਜਾ ਕੇ ਉਸਨੂੰ ਆਪੇ ਹੀ ਇਹ ਖ਼ਬਰ ਪਤਾ ਲਗ ਜਾਵੇਗੀ ।

(*iv*) ਗੁਰੂ ਜੀ ਦੇ ਜ਼ਫ਼ਰਨਾਮੇ ਅਤੇ ਜ਼ੀਨਤ ਦੀਆਂ ਖ਼ਰੀਆਂ-ਖ਼ਰੀਆਂ ਗੱਲਾਂ ਔਰੰਗਜ਼ੇਬ ਨੂੰ ਅਹਿਸਾਸ ਕਰਾਉਂਦੀਆਂ ਹਨ ਕਿ ਉਹ ਬਹੁਤ ਵੱਡਾ ਗੁਨਾਹਗ਼ਾਰ ਹੈ । ਇਸ ਅਵਸਥਾ ਵਿਚ ਉਹ ਆਪਣੇ ਬੇਟਿਆਂ ਨੂੰ ਇਹ ਚੇਤਾਵਨੀ ਦੇਣੀ ਚਾਹੁੰਦਾ ਹੈ ਕਿ ਉਹ ਉਸ ਵਰਗੇ ਗੁਨਾਹ ਨਾ ਕਰਨ ।

(*v*) ਨਿਹਾਲ ਕੌਰ ਨੂੰ ਇਹ ਸਿੱਖਿਆ ਮਿਲਦੀ ਹੈ ਕਿ ਸੱਸ ਨੂੰ ਨੂੰਹ ਬਣਾਈ ਪਰਾਈ ਧੀ ਨਾਲ ਘਰ ਵਿਚ ਇਹੋ ਜਿਹਾ ਸਲੂਕ ਹੀ ਕਰਨਾ ਚਾਹੀਦਾ ਹੈ, ਜਿਹੋ ਜਿਹੇ ਸਲੂਕ ਦੀ ਉਹ ਪਰਾਏ ਘਰ ਵਿਚ ਨੂੰਹ ਬਣੀ ਆਪਣੀ ਧੀ ਲਈ ਆਸ ਕਰਦੀ ਹੈ ।

(*vi*) ਜਨਮਸਾਖੀ ਵਿਚ ਜਦੋਂ ਗੁਰੂ ਜੀ ਪਰਦੇਸ ਯਾਤਰਾ ਤੋਂ ਬਾਅਦ ਪਿੰਡ ਪਰਤਦੇ ਹਨ, ਤਾਂ ਉਹ ਮਰਦਾਨੇ ਨੂੰ ਹੀ ਖ਼ਬਰ ਸਾਰ ਲੈਣ ਪਿੰਡ ਵਿਚ ਭੇਜ ਦਿੰਦੇ ਹਨ । ਮਾਤਾ ਜੀ ਮਰਦਾਨੇ ਨੂੰ ਦੇਖ ਕੇ ਗੁਰੂ ਨਾਨਕ ਦੇ ਉਸ ਨਾਲ ਆਇਆ ਹੋਣ ਦਾ ਅਨੁਮਾਨ ਲਾ ਕੇ ਉਸਦੇ ਮਗਰ-ਮਗਰ ਤੁਰਦੀ ਹੋਈ ਗੁਰੂ ਜੀ ਨੂੰ ਆ ਕੇ ਮਿਲਦੀ ਹੈ । ਇਸ ਸਮੇਂ ਉਸਦੇ ਮੂੰਹੋਂ ਜਿਹੜੇ ਮਮਤਾ ਭਰੇ ਸ਼ਬਦ ਨਿਕਲਦੇ ਹਨ ਤੇ ਉਨ੍ਹਾਂ ਨੂੰ ਸੁਣ ਕੇ ਗੁਰੂ ਜੀ ਵੀ ਫਿੱਸ ਪੈਂਦੇ ਹਨ । ਇਹੋ ਨਜ਼ਾਰਾ ਹੀ ਲੇਖਕ ਨੂੰ ਸਭ ਤੋਂ ਵੱਧ ਦਰਦਨਾਕ ਰੁਮਾਂਚ ਕਰ ਦੇਣ ਵਾਲਾ ਜਾਪਦਾ ਹੈ ।

(*vii*) ਠੀਕ ਹੀ ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੋਹਰਾਂ ਹੁੰਦੇ ਹਨ । ਜੇਕਰ ਦਿਲ ਵਿਚ ਦੋਸਤੀਆਂ, ਪਿਆਰਾਂ, ਕੁਰਬਾਨੀਆਂ, ਗੀਤਾਂ, ਕਹਾਣੀਆਂ, ਹੰਝੂਆਂ, ਹਾਸਿਆਂ ਤੇ ਕੁਦਰਤ ਦੀਆਂ ਛੋਹਾਂ ਦੀ ਅਣਮੁੱਕ ਦੌਲਤ ਹੈ, ਤਾਂ ਇਸ ਨੂੰ ਵਰਤਣ ਦਾ ਸਾਧਨ ਬੋਲੀ ਦੇ ਸ਼ਬਦ ਵੀ ਮੋਹਰਾਂ ਵਰਗੇ ਹੀ ਹੁੰਦੇ ਹਨ, ਜਿਨ੍ਹਾਂ ਨਾਲ ਅਸੀਂ ਸਭ ਕੁੱਝ ਪ੍ਰਾਪਤ ਕਰ ਸਕਦੇ ਹਾਂ ।

HOLY FAITH INTERNATIONAL (P) LTD.

(*viii*) ਔਸਕਰ ਵਾਇਲਡ ਦਾ ਵਿਚਾਰ ਹੈ ਕਿ 'ਅਰਦਾਸ' ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ । ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ, ਸਗੋਂ ਉਹ ਖ਼ਤੋ-ਖਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ ।

**15. ਉੱਤਰ—**

(*i*) ਇਸ ਸ਼ਬਦ ਵਿਚ ਸਾਡੀ ਪਰਮਾਤਮਾ ਅੱਗੇ ਇਹੋ ਅਰਦਾਸ ਹੈ ਕਿ ਅਸੀਂ ਜੀਵ ਬੇਹਿਸਾਬ ਭੁੱਲਾਂ ਕਰਨ ਵਾਲੇ ਪਾਪੀ ਤੇ ਗੁਨਾਹਗ਼ਾਰ ਹਾਂ । ਸਾਡੇ ਕੀਤੇ ਕਰਮਾਂ ਦੇ ਲੇਖੇ ਕਰ ਕੇ ਸਾਨੂੰ ਉਸਦੀ ਬਖ਼ਸ਼ਿਸ਼ ਪ੍ਰਾਪਤ ਨਹੀਂ ਹੋ ਸਕਦੀ, ਇਸ ਕਰ ਕੇ ਉਹ ਆਪਣੀ ਮਿਹਰ ਕਰ ਕੇ ਸਾਨੂੰ ਬਖ਼ਸ਼ ਦੇਵੇ ਤੇ ਆਪਣੇ ਚਰਨਾਂ ਨਾਲ ਮਿਲਾ ਲਵੇ ।

***ਜਾਂ***

ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਸੰਸਾਰ ਵਿਚ ਧੁੰਦ (ਅਗਿਆਨਤਾ ਦਾ ਹਨੇਰਾ) ਮਿਟ ਕੇ ਚਾਨਣ ਇਸ ਤਰ੍ਹਾਂ ਪਸਰ ਗਿਆ, ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ ਰਾਤ ਦਾ ਹਨੇਰਾ ਮਿਟ ਕੇ ਹਰ ਪਾਸੇ ਚਾਨਣ ਹੋ ਜਾਂਦਾ ਹੈ । ਅਗਿਆਨਤਾ ਰੂਪ ਹਨੇਰੇ ਦੀਆਂ ਸ਼ਕਤੀਆਂ ਨੂੰ ਕਿਸ ਤਰ੍ਹਾਂ ਭਾਜੜ ਪੈ ਗਈ, ਜਿਸ ਤਰ੍ਹਾਂ ਸ਼ੇਰ ਦੇ ਬੁੱਕਣ ਨਾਲ ਮਿਰਗਾਂ ਦੀ ਡਾਰ ਵਿਚ ਕੇ ਭਾਜੜ ਮਚ ਜਾਂਦੀ ਹੈ ਤੇ ਉਨ੍ਹਾਂ ਤੋਂ ਧੀਰਜ ਨਹੀਂ ਧਰ ਹੁੰਦਾ ।

(*ii*) ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਮਾਂ, ਭੈਣ ਅਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ; ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਖੱਟੀ-ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ; ਜਿੱਥੇ ਬੁਢਾਪੇ ਵਿਚ ਬਹਿ ਕੇ ਸਾਰੇ ਜੀਵਨ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਮਾਂ ਦੀ ਗੋਦੀ ਵਰਗਾ ਸੁਆਦ ਆਉਂਦਾ ਹੈ ।

***ਜਾਂ***

ਬੰਦੇ ਲਈ ਅਰਦਾਸ ਇਕ ਜ਼ਰੂਰੀ ਵਸਤੂ ਹੈ । ਜ਼ਿੰਦਗੀ ਵਿਚ ਕਈ ਮੌਕੇ ਅਜਿਹੇ ਆਉਂਦੇ ਹਨ, ਜਦੋਂ ਵੱਡੇ ਤੋਂ ਵੱਡੇ ਰਾਠ ਆਦਮੀ ਲਈ ਵੀ ਅਰਦਾਸ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ । ਅਰਦਾਸ ਜ਼ਿੰਦਗੀ ਵਿਚ ਹਰ ਸੰਸਾਰਿਕ ਮੌਕੇ ਉੱਪਰ ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਰੋਗ ਵੇਲੇ, ਜੰਗ ਵੇਲੇ, ਮੁਸ਼ਕਿਲ ਸਮੇਂ ਕਾਰਜ ਦੀ ਸਿੱਧੀ ਲਈ ਕੀਤੀ ਜਾਂਦੀ ਹੈ, ਇਸ ਨਾਲ ਮਨੁੱਖ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ ।

**16. ਉੱਤਰ—**

(*i*) ਸੁਖਦੇਵ ਕੌਰ ਦੀ ਚਿੱਠੀ ਆਉਣ ਨਾਲ ਇਕਾਂਗੀ ਦੀ ਕਹਾਣੀ ਇਕ ਨਵਾਂ ਮੋੜ ਲੈ ਕੇ ਆਪਣੇ ਸਿਖ਼ਰ ਵਲ ਤੁਰ ਪੈਂਦੀ ਹੈ । ਸੁਖਦੇਵ ਕੌਰ ਨਿਹਾਲ ਕੌਰ ਦੀ ਧੀ ਹੈ ਤੇ ਉਸਦੀ ਚਿੱਠੀ ਵਿਚ ਲਿਖਿਆ ਹੁੰਦਾ ਹੈ ਕਿ ਉਸ ਦਾ ਪਤੀ ਦੂਜਾ ਵਿਆਹ ਕਰਨਾ ਚਾਹੁੰਦਾ ਹੈ । ਨਿਹਾਲ ਕੌਰ ਆਪਣੀ ਧੀ ਦਾ ਇਹ ਦੁੱਖ ਬਰਦਾਸ਼ਤ ਨਹੀਂ ਕਰ ਸਕਦੀ । ਪਰ ਉਸ ਨੂੰ ਨਾਲ ਹੀ ਸਿੱਖਿਆ ਮਿਲ ਜਾਂਦੀ ਹੈ ਕਿ ਉਸ ਨੂੰ ਆਪਣੀ ਨੂੰਹ ਨੂੰ ਵੀ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀਆਂ ਧਮਕੀਆਂ ਨਹੀਂ ਦੇਣੀਆਂ ਚਾਹੀਦੀਆਂ । ਉਹ ਨੂੰਹ ਤੋਂ ਮਾਫ਼ੀ ਮੰਗਦੀ ਹੈ ।

(*ii*) ਜ਼ੀਨਤ-ਉਨ-ਨਿਸਾ 'ਜ਼ਫ਼ਰਨਾਮਾ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ । ਉਹ ਔਰੰਗਜ਼ੇਬ ਤੇ ਉਸ ਦੀ ਬੇਗਮ ਉਦੈਪੁਰੀ ਦੀ ਧੀ ਸੀ । ਕਾਮ ਬਖ਼ਸ਼ ਉਸ ਦਾ ਭਰਾ ਸੀ । ਉਸ ਦੀ ਉਮਰ 30 ਸਾਲਾਂ ਦੀ ਸੀ । ਉਹ ਪਿਤਾ ਦੀ ਸੇਵਾ ਕਰਨ ਵਾਲੀ ਧੀ ਸੀ । ਉਹ ਹਮੇਸ਼ਾ ਗੁਰੂ ਜੀ ਦੇ ਹੱਕ ਵਿਚ ਬੋਲਦੀ ਸੀ । ਉਹ ਆਪਣੇ ਪਿਤਾ ਦੇ ਜਬਰ, ਜ਼ੁਲਮ ਤੇ ਝੂਠੀਆਂ ਕਸਮਾਂ ਚੁੱਕਣ ਦੇ ਵਿਰੁੱਧ ਸੀ । ਉਹ ਇਕ ਸੰਵੇਦਨਸ਼ੀਲ ਕੁੜੀ ਸੀ, ਜਿਸ ਕਰਕੇ ਉਹ ਵਜ਼ੀਰ ਖ਼ਾਂ ਦੁਆਰਾ ਗੁਰੂ ਜੀ ਦੇ ਦੋਹਾਂ ਪੁੱਤਰਾਂ ਨੂੰ ਲੜਾਈ ਦੇ ਮੈਦਾਨ ਵਿਚ ਮਾਰੇ ਜਾਣ ਤੇ ਦੋ ਪੁੱਤਰਾਂ ਨੂੰ ਨੀਂਹਾਂ ਵਿਚ ਚਿਣੇ ਜਾਣ ਬਾਰੇ ਸੁਣ ਕੇ ਰੋਣ ਲੱਗ ਪੈਂਦੀ ਹੈ ।

HOLY FAITH INTERNATIONAL (P) LTD.

HOLY FAITH INTERNATIONAL (P) LTD.